ਤਿੰਨ ਭਾਸ਼ਾਈ ਸਪਤਾਹਿਕ

ਬਾਨੀ ਸ਼੍ਰੀਮਾਨ 108 ਸੰਤ ਗਰੀਬ ਦਾਸ ਜੀ
ਸਰਪ੍ਰਸਤ-ਸ਼੍ਰੀ 108 ਸੰਤ ਨਿਰੰਜਣ ਦਾਸ ਜੀ

NO/83/2000-2 PB-0004/09 (31-12-2011)
PUN PUN 2001/3865

# ਬੇਗਮਪੁਰਾ ਸ਼ਹਿਰ

ਮੂਲ੍ਯ : 4 रुपए

ਸੁੰਦਰ ਨਗਰ, ਬੈਕ ਸਾਈਡ ਇੰਡਸਟ੍ਰੀਅਲ ਅਸਟੇਟ
ਜਲੰਧਰ-144 012 (ਪੰਜਾਬ)

Weekly PUNJABI-HINDI-ENGLISH (Trilingual weekly)

Begumpura Shaher

SUNDER NAGAR, BACK SIDE INDUSTRIAL ESTATE
JALANDHAR-144 012. PH: 0181-2611697

त्रिभाषीय साप्ताहिक बेगमपुरा शहर
सुन्दर नगर, बैकसाईड इंडस्ट्रीयल एस्टेट
जालन्धर-144 012.

ਬਾਨੀ ਸੰਪਾਦਕ (ਬ੍ਰਹਮਲੀਨ) ਸੰਤ ਰਾਮਾ ਨੰਦ ਜੀ ਮੁੱਖ ਸੰਪਾਦਕ ਸੰਤ ਸੁਰਿੰਦਰ ਦਾਸ ਬਾਵਾ ਸਾਲ : 11 ਅੰਕ ਨੰ. 26 ਦਿਨ ਸੋਮਵਾਰ 17 ਅਕਤੂਬਰ, 2011 ਮੁਤਾਬਕ 1 ਕੱਤਕ

Founder Editor : (Brahamleen) Sant Rama Nand Ji, Chief Editor : Sant Surinder Dass Bawa,Year :11, Issue : 26, Day Monday, 17 October 2011 Bikrami Samvat 1 Kartik

## ਜਲੰਧਰ 'ਚ ਡੇਰਾ ਸੱਚਖੰਡ ਬੱਲਾਂ ਦੀ ਅਗਵਾਈ 'ਚ ਭਗਵਾਨ ਮਹਾਂਰਿਸ਼ੀ ਵਾਲਮੀਕਿ ਮਹਾਰਾਜ ਜੀ ਦੀ ਸ਼ੋਭਾ ਯਾਤਰਾ

### ਭਗਵਾਨ ਮਹਾਂਰਿਸ਼ੀ ਵਾਲਮੀਕਿ ਜੀ ਮਹਾਰਾਜ ਦੇ ਜੈਕਾਰਿਆਂ ਨਾਲ ਜਲੰਧਰ ਸ਼ਹਿਰ ਗੂੰਜ ਉਠਿਆ

ਮਿਤੀ 10-10-2011 (ਕੁਲਵੰਤ ਕਜਲਾ) ਦਿਨ ਸੋਮਵਾਰ ਨੂੰ ਭਗਵਾਨ ਮਹਾਂਰਿਸ਼ੀ ਵਾਲਮੀਕਿ ਮਹਾਰਾਜ ਜੀ ਦੇ ਪ੍ਰਗਟ ਦਿਵਸ ਦੇ ਸੰਬੰਧ ਵਿਚ ਇਕ ਵਿਸ਼ਾਲ ਸ਼ੋਭਾ ਯਾਤਰਾ ਜਲੰਧਰ ਵਿਚ ਆਯੋਜਿਤ ਕੀਤੀ ਗਈ। ਇਸ ਸ਼ੋਭਾ ਯਾਤਰਾ ਦੀ ਅਗਵਾਈ ਡੇਰਾ ਸੱਚਖੰਡ ਬੱਲਾਂ ਨੇ ਕੀਤੀ। ਇਸ ਸ਼ੋਭਾ ਯਾਤਰਾ ਵਿਚ ਸ਼੍ਰੀ 108 ਸੰਤ ਨਿਰੰਜਨ ਦਾਸ ਮਹਾਰਾਜ ਜੀ ਦੇ ਆਦੇਸ਼ਾਂ ਅਨੁਸਾਰ ਪਹੁੰਚੇ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਜੋਤੀ ਚੌਂਕ ਜਲੰਧਰ ਤੋਂ ਕੌਮੀ ਝੰਡਾ ਲਹਿਰਾਉਣ ਉਪਰੰਤ ਸ਼ੋਭਾ ਯਾਤਰਾ ਦਾ ਸ਼ੁੱਭ ਆਰੰਭ ਕੀਤਾ। ਇਸ ਮੌਕੇ 'ਤੇ ਮਹਾਰਾਜ ਜੀ ਦੇ ਨਾਲ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਾਰਾਏ ਕਲਾਂ, ਸੰਤ ਸੁਖਵਿੰਦਰ ਦਾਸ ਜੀ ਢੱਡੇ, ਸੰਤ ਮੋਹਣ ਦਾਸ ਜੀ ਨੂਰਪੁਰ, (ਦਾਸ) ਕੁਲਵੰਤ ਕਜਲਾ, ਸ਼੍ਰੀ ਸੇਵਾ ਸਿੰਘ ਕਜਲਾ, ਸ਼੍ਰੀ ਰਜਿੰਦਰ ਰਾਣਾ ਜੀ ਯਾਤਰਾ ਵਿਚ ਸ਼ਾਮਿਲ ਹੋਏ। ਇਸ ਮੌਕੇ 'ਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਭਗਵਾਨ ਮਹਾਂਰਿਸ਼ੀ ਵਾਲਮੀਕਿ ਜੀ ਮਹਾਰਾਜ ਦੇ ਜੀਵਨ ਤੇ ਉਨ੍ਹਾਂ ਦੇ ਪਰਉਪਕਾਰਾਂ 'ਤੇ ਵਿਸ਼ੇਸ਼ ਚਾਨਣਾ ਪਾਉਂਦੇ ਹੋਏ ਕਿਹਾ ਕਿ ਭਗਵਾਨ ਮਹਾਂਰਿਸ਼ੀ ਵਾਲਮੀਕਿ ਜੀ ਮਹਾਰਾਜ ਜਿਨ੍ਹਾਂ ਨੇ ਸਮੁੱਚੀ ਮਾਨਵਤਾ ਨੂੰ ਸੱਚ ਦਾ ਉਪਦੇਸ਼ ਬਖਸ਼ਿਸ ਕੀਤਾ ਹੈ। ਉਨ੍ਹਾਂ ਨੇ ਰਮਾਇਣ ਦੀ ਰਚਨਾ ਕਰਕੇ ਸਮੁੱਚੀਆਂ ਸੰਗਤਾਂ ਨੂੰ ਵੱਡਮੁੱਲਾ ਗਿਆਨ ਬਖਸ਼ਿਸ਼ ਕੀਤਾ ਹੈ। ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚਲ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਚਾਹੀਦਾ ਹੈ, ਤਾਂ ਹੀ ਅਸੀਂ ਆਪਣੇ ਰਹਿਬਰਾਂ ਦੇ ਸੱਚੇ ਪੈਰੋਕਾਰ ਅਖਵਾਵਾਂਗੇ। ਉਹਨਾਂ ਕਿਹਾ ਜਗਤਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀ ਅੰਮ੍ਰਿਤਬਾਣੀ ਵਿਚ ਭਗਵਾਨ ਵਾਲਮੀਕਿ ਮਹਾਰਾਜ ਜੀ ਦੀ ਉਸਤਤ ਵਿਚ ਕਿਹਾ ਹੈ, **'ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖ॥** ਸਤਿਗੁਰ ਜੀ ਨੇ ਉਪਦੇਸ਼ ਬਖਸ਼ਿਸ਼ ਕੀਤਾ ਹੈ ਕਿ ਸਾਨੂੰ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿੰਨੇ ਵੀ ਮਹਾਨ ਮਹਾਂਪੁਰਸ਼ ਹੋਏ ਹਨ ਉਨ੍ਹਾਂ ਨੇ ਸਮੁੱਚੀ ਮਾਨਵਤਾ ਨੂੰ ਸੱਚ ਦਾ ਰਾਹ ਦਿਖਾਇਆ ਹੈ। ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਆਪਣੇ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਚਾਹੀਦਾ ਹੈ ਅਤੇ ਆਪਣੇ ਰਹਿਬਰਾਂ ਦੀ ਸੋਚ 'ਤੇ ਪਹਿਰਾ ਦੇਣਾ ਚਾਹੀਦਾ ਹੈ। ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਵਲੋਂ ਅਤੇ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਵਲੋਂ ਸਮੁੱਚੀ ਮਾਨਵਤਾ ਨੂੰ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ

(ਬਾਕੀ ਸਫਾ 2 'ਤੇ)

## ਪਿੰਡ ਜੌਹਲਾਂ ਵਿਖੇ ਮਹਾਨ ਸੰਤ ਸੰਮੇਲਨ ਸ਼ਰਧਾ ਸਹਿਤ ਸੰਪੰਨ

ਬੀਤੇ ਦਿਨੀਂ ਬ੍ਰਹਮਲੀਨ ਸਤਿਗੁਰ ਸੁਆਮੀ ਸਰਵਣ ਦਾਸ ਜੀ ਮਹਾਰਾਜ ਅਤੇ ਰਵਿਦਾਸੀਆ ਕੌਮ ਦੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀ 'ਤੇ ਬਿਰਾਜਮਾਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੀ ਪਾਵਨ ਸਰਪ੍ਰਸਤੀ ਹੇਠ ਅਤੇ ਪਰਮ ਸਤਿਕਾਰਯੋਗ ਮਹਾਨ ਵਿਦਵਤਾ ਦੇ ਭੰਡਾਰ ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਉਸਾਰੂ ਸੋਚ ਵਾਲੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਪਿੰਡ ਜੌਹਲਾਂ (ਹੁਸ਼ਿਆਰਪੁਰ) ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਇਸ ਦਿਨ ਮਹਾਨ ਸੰਤ ਸੰਮੇਲਨ ਦਾ ਆਯੋਜਨ ਕੀਤਾ ਗਿਆ ਜਿਸ ਦੇ ਸੁੰਦਰ ਪੰਡਾਲ ਵਿਖੇ ਅੰਮ੍ਰਿਤਬਾਣੀ ਦੇ ਜਾਪ ਸੰਪੂਰਨ ਹੋਏ। ਗਿਆਨੀ ਨਰਿੰਦਰ ਸਿੰਘ ਹੈਰੀ ਹੋਰਾਂ ਦੇ ਜੱਥੇ ਨੇ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਦਾ ਸ਼ਬਦ ਸਰਵਣ ਕਰਵਾਇਆ। ਜਿਸ ਦੇ ਬੋਲ ਸਨ- ***'ਕਹੇ ਰਵਿਦਾਸ ਇਕ ਬੇਨਤੀ ਹਰਿ ਸਿਓ ਪੈਜ ਰਾਖੋ ਰਾਜ ਰਾਮ ਮੇਰੀ'।*** ਉਪਰੰਤ ਅਰਦਾਸ ਹੋਈ ਅਤੇ ਸਭ ਤੋਂ ਪਹਿਲਾਂ ਪਿੰਡ ਜੌਹਲਾਂ ਦੇ ਸ਼ਰਧਾਲੂ ਨੌਜਵਾਨਾਂ ਨੇ ***'ਐਸੀ ਲਾਲ ਤੁਝ ਬਿਨੁ ਕਾਉਨ ਕਰੇ'*** ਦਾ ਸ਼ਬਦ ਸਰਵਣ ਕਰਵਾਇਆ ਅਤੇ ਇਸ ਤਰ੍ਹਾਂ ਕ੍ਰਮਵਾਰ ਸ੍ਰੀਮਤੀ ਧਰਮ ਕੌਰ ਸ਼ਾਲਾਪੁਰ ਤੋਂ ਸ਼ਬਦ ਸਰਵਣ ਕਰਵਾਇਆ ***'ਉਹ ਨਗਰੀ ਭਾਗਾਂ ਵਾਲੀ ਜਿਥੇ ਸੰਤ ਪਹੁੰਚੇ ਆਏ'*** ਇਸ ਤਰ੍ਹਾਂ ਸ੍ਰੀਮਾਨ ਸੁਖਵਿੰਦਰ ਸਿੰਘ ਜੀ ਨੇ ਹਾਜ਼ਰੀ ਭਰੀ ਅਤੇ ਤੀਰਥ ਸਿੰਘ ਬਿਜਲੀ ਹੋਰਾਂ ਨੇ ਬੈਰਾਗਮਈ ਧਾਰਨਾ ਰਾਹੀਂ ਸ਼ਬਦ ਉਚਾਰਨ ਕੀਤਾ। ***'ਲੱਗੀ ਪ੍ਰੀਤ ਮੇਰੀ ਤੋੜ ਨਿਵ ਜਾਵੇ ਇਹੋ ਹੈ ਅਰਦਾਸ ਮੇਰੀ'*** ਇਸ ਤਰ੍ਹਾਂ ਧਰਮਪਾਲ ਭੱਟੀ ਨੇ ਅਤੇ ਉਨ੍ਹਾਂ ਦੇ ਸਾਥੀ ਬੀਬੀ ਨੇ ਸ਼ਬਦ ਸਰਵਣ ਕਰਵਾਇਆ ***'ਰਵਿਦਾਸੀਆ ਧਰਮ ਚਲਾਇਆ ਬੱਲਾਂ ਵਾਲੇ ਸੰਤਾਂ ਨੇ ਅੰਮ੍ਰਿਤਬਾਣੀ ਦਾ ਪਾਠ ਪੜ੍ਹਾਇਆ ਬੱਲਾਂ ਵਾਲੇ ਸੰਤਾਂ ਨੇ'*** ਇਸ ਤਰ੍ਹਾਂ ਕਰਮਵਾਰ ਗਿਆਨੀ ਕੁਲਵੰਤ ਸਿੰਘ ਕਜਲਾ ਜੀ ਹੋਰਾਂ ਨੇ ਸਤਿਗੁਰ ਰਵਿਦਾਸ

(ਬਾਕੀ ਸਫਾ 3 'ਤੇ)

## ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਸ਼ੁਕਰਤਾਲ (ਯੂ.ਪੀ.) ਵਿਖੇ ਮਹਾਨ ਸੰਤ ਸੰਮੇਲਨ ਅਤੇ ਵਿਸ਼ਾਲ ਸ਼ੋਭਾ ਯਾਤਰਾ

ਮਿਤੀ 10-10-2011 (ਕੁਲਵੰਤ ਕਜਲਾ) ਦਿਨ ਸੋਮਵਾਰ ਨੂੰ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਸ਼ੁਕਰਤਾਲ ਜ਼ਿਲਾ ਮੁਜ਼ੱਫਰ ਨਗਰ (ਯੂ.ਪੀ.) ਵਿਖੇ ਸਲਾਨਾ ਮਹਾਨ ਸੰਤ ਸੰਮੇਲਨ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੀ ਪਾਵਨ ਸਰਪ੍ਰਸਤੀ ਹੇਠ ਕਰਵਾਇਆ ਗਿਆ, ਜਿਸਦੇ ਸਬੰਧ ਵਿਚ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਾਪ ਕਰਵਾਏ ਗਏ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਆਰਤੀ ਦਾ ਗਾਇਨ ਕੀਤਾ ਗਿਆ। ਸਮੁੱਚੀ ਮਾਨਵਤਾ ਦੇ ਭਲੇ ਲਈ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ। ਇਸ ਸਮਾਗਮ ਵਿਚ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਡੇਰਾ ਸੱਚਖੰਡ ਬੱਲਾਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਦੇ ਨਾਲ ਸੰਤ ਲੇਖ ਰਾਜ ਜੀ ਨੂਰਪੁਰ ਵਾਲੇ, ਗਿਆਨੀ ਮਿਹਰ ਸਿੰਘ ਜੀ, ਸ਼੍ਰੀ ਵਰਿੰਦਰ ਦਾਸ ਜੀ ਅਤੇ ਡੇਰੇ ਦੇ ਹੋਰ ਸੇਵਾਦਾਰ ਪਹੁੰਚੇ। ਮਹਾਰਾਜ ਜੀ ਦੇ ਸਮਾਗਮ ਵਿਚ ਪਹੁੰਚਣ 'ਤੇ ਸੰਤ ਸਤਿਆ ਨੰਦ ਜੀ ਨੇ ਨਿੱਘਾ ਸਵਾਗਤ ਕੀਤਾ। ਇਸ ਸਮਾਗਮ ਦੇ ਸਬੰਧ ਵਿਚ ਇਕ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ। ਇਹ ਸ਼ੋਭਾ ਯਾਤਰਾ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੀ ਅਗਵਾਈ ਵਿਚ ਕੱਢੀ ਗਈ। ਇਹ ਸ਼ੋਭਾ ਯਾਤਰਾ ਸੰਤ ਹਰੀ ਦਾਸ ਮਹਾਰਾਜ ਜੀ ਦੀ ਸਮਾਧੀ ਤੋਂ ਸ਼ੁਰੂ ਹੋਈ ਤੇ ਇਲਾਕੇ ਦੀ ਪ੍ਰਕਰਮਾ ਕਰਦੀ ਹੋਈ ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨ ਸ਼ੁਕਰਤਾਲ ਵਿਖੇ ਸੰਪੰਨ ਹੋਈ। ਸ਼ੋਭਾ ਯਾਤਰਾ ਦਾ ਵੱਖ-ਵੱਖ ਸਭਾਵਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਵੱਖ-ਵੱਖ ਸਥਾਨਾਂ 'ਤੇ ਫਰੂਟ ਦਾ ਪ੍ਰਸ਼ਾਦ, ਚਾਹ, ਪਾਣੀ ਅਤੇ ਗੁਰੂ ਕਾ ਲੰਗਰ ਛਕਾਇਆ ਗਿਆ। ਇਸ ਸ਼ੋਭਾ ਯਾਤਰਾ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਮਹਿਮਾਂ ਦਾ ਗਾਇਨ ਕਰਕੇ ਆਪਣਾ ਜੀਵਨ ਸਫਲ ਕੀਤਾ। ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੈਕਾਰਿਆਂ ਦੇ ਨਾਲ ਸਾਰਾ ਸ਼ਹਿਰ ਗੂੰਜ ਉਠਿਆ। ਇਸ ਮੌਕੇ 'ਤੇ ਸੰਤ ਸਤਿਆ ਨੰਦ ਜੀ ਨੇ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦਾ ਅਤੇ ਵੱਖ-ਵੱਖ ਪ੍ਰਦੇਸ਼ਾਂ ਤੋਂ ਆਏ ਸੰਤ-ਮਹਾਂਪੁਰਸ਼ਾਂ ਦਾ ਤਹਿ ਦਿਲੋਂ ਧੰਨਵਾਦ ਅਤੇ ਮਾਣ-ਸਨਮਾਨ ਕੀਤਾ। ਸ਼ੋਭਾ ਯਾਤਰਾ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਛਕਾਇਆ ਗਿਆ।




ਭਗਵਾਨ ਵਾਲਮੀਕਿ ਮਹਾਰਾਜ ਜੀ ਦੀ ਸ਼ੋਭਾ ਯਾਤਰਾ ਦੌਰਾਨ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਆਦੇਸ਼ਾਂ ਅਨੁਸਾਰ ਸ਼ੋਭਾ ਯਾਤਰਾ ਵਿਚ ਪਹੁੰਚੇ ਸੰਤ ਸੁਰਿੰਦਰ ਦਾਸ ਬਾਵਾ ਜੀ, ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਾਰਾਏ ਕਲਾਂ, ਸੰਤ ਜਸਵਿੰਦਰ ਦਾਸ ਜੀ ਢੱਡੇ ਅਤੇ ਹੋਰ ਸੰਗਤਾਂ।

## ਜਲੰਧਰ 'ਚ ਡੇਰਾ ਸੱਚਖੰਡ ਬੱਲਾਂ ਦੀ ਅਗਵਾਈ 'ਚ ਭਗਵਾਨ ਮਹਾਂਰਿਸ਼ੀ ਵਾਲਮੀਕਿ ਮਹਾਰਾਜ ਜੀ ਦੀ ਸ਼ੋਭਾ ਯਾਤਰਾ

(ਸਫਾ 1 ਦੀ ਬਾਕੀ)

ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ। ਪ੍ਰਬੰਧਕਾਂ ਵਲੋਂ ਸ਼ੋਭਾ ਯਾਤਰਾ ਵਿਚ ਆਏ ਸੰਤ-ਮਹਾਂਪੁਰਸ਼ਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਸਿਰੋਪਾਓ ਦੇ ਕੇ ਮਾਣ-ਸਨਮਾਨ ਕੀਤਾ। ਇਹ ਸ਼ੋਭਾ ਯਾਤਰਾ ਜੋਤੀ ਚੌਂਕ ਜਲੰਧਰ ਤੋਂ ਆਰੰਭ ਹੋ ਕੇ ਕੰਪਨੀ ਬਾਗ, ਮਿਲਾਪ ਚੌਂਕ, ਸ਼ਹੀਦ ਭਗਤ ਸਿੰਘ ਚੌਂਕ ਤੋਂ ਹੁੰਦੀ ਹੋਈ ਪੂਰੇ ਸ਼ਹਿਰ ਦੀ ਪ੍ਰਕਰਮਾ ਕਰਦੀ ਹੋਈ ਸੰਪੰਨ ਹੋਈ। ਸ਼ੋਭਾ ਯਾਤਰਾ ਦਾ ਵੱਖ-ਵੱਖ ਸਭਾਵਾਂ ਨੇ ਸਵਾਗਤ ਕੀਤਾ। ਭਗਵਾਨ ਮਹਾਂਰਿਸ਼ੀ ਵਾਲਮੀਕਿ ਮਹਾਰਾਜ ਜੀ ਦੇ ਜੈਕਾਰਿਆਂ ਦੇ ਨਾਲ ਜਲੰਧਰ ਸ਼ਹਿਰ ਗੂੰਜ ਉਠਿਆ। ਸ਼ਰਧਾਲੂਆਂ ਵਲੋਂ ਫਰੂਟ, ਚਾਹ-ਪਕੌੜੇ, ਪੂੜੀ-ਛੋਲੇ ਅਤੇ ਵੱਖ-ਵੱਖ ਤਰ੍ਹਾਂ ਦੇ ਪਦਾਰਥਾਂ ਦੇ ਲੰਗਰ ਲਗਾਏ ਗਏ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਜਸ ਸਰਵਣ ਕੀਤਾ।

## ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨ ਧਰਮਪੁਰਾ ਜਲੰਧਰ ਵਿਖੇ ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਦੀ ਯਾਦ ਵਿਚ ਤੀਸਰੀ ਮੰਜ਼ਿਲ ਦੇ ਹਾਲ ਦਾ ਨੀਂਹ ਪੱਥਰ ਰੱਖਿਆ

ਮਿਤੀ 10-10-2011 (ਕੁਲਵੰਤ ਕਜਲਾ)-ਦਿਨ ਸੋਮਵਾਰ ਨੂੰ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਧਰਮਪੁਰਾ ਜਲੰਧਰ ਵਿਖੇ ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਦੀ ਯਾਦ ਵਿਚ ਤੀਸਰੀ ਮਜ਼ਿਲ ਦੇ ਬਣਾਏ ਜਾ ਰਹੇ ਵਿਸ਼ਾਲ ਹਾਲ ਦਾ ਨੀਂਹ ਪੱਥਰ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਆਦੇਸ਼ਾਂ ਅਨੁਸਾਰ ਮਹਾਰਾਜ ਜੀ ਦੇ ਸਹਿਯੋਗੀ ਪਰਮ ਸਤਿਕਾਰਯੋਗ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਨ ਉਪਰੰਤ ਰੱਖਿਆ। ਇਸ ਮੌਕੇ 'ਤੇ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਰਾਏ ਕਲਾਂ ਵਾਲੇ ਸੰਤ ਸੁਖਵਿੰਦਰ ਦਾਸ ਜੀ ਢੱਡੇ, ਸੰਤ ਮੋਹਣ ਦਾਸ ਜੀ ਨੂਰਪੁਰ ਤੇ (ਦਾਸ) ਕੁਲਵੰਤ ਕਜਲਾ ਮਹਾਰਾਜ ਜੀ ਨਾਲ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ 'ਤੇ ਅੰਮ੍ਰਿਤਬਾਣੀ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਜਾਪ ਕਰਵਾਏ ਤੇ ਆਰਤੀ ਦਾ ਗਾਇਨ ਕੀਤਾ ਗਿਆ। ਸਮੁੱਚੀ ਮਾਨਵਤਾ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਦੀਵਾਨ ਕੀਰਤਨ ਸਜਾਏ ਗਏ, ਜਿਸ ਵਿਚ ਸੰਤ ਸੇਵਾ ਦਾਸ ਜੀ ਨੇ 'ਦੁਖੀਆਂ ਦੇ ਦੁੱਖ ਕੱਟੇ ਬੱਲਾਂ ਵਾਲੇ ਸੰਤਾਂ ਨੇ, ਭੁੱਲਿਆ ਨੂੰ ਦਿੰਦੇ ਰਾਹੇ ਪਾ' ਸਤਿਗੁਰਾਂ ਦੀ ਮਹਿਮਾ ਸਰਵਣ ਕਰਵਾਈ। ਉਪਰੰਤ (ਦਾਸ) ਕੁਲਵੰਤ ਕਜਲਾ ਨੇ ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਬਿਆਨ ਕੀਤੀ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਵਿਚ 'ਜਗਤਗੁਰੂ ਰਵਿਦਾਸ ਦੀ ਹੈ ਕ੍ਰਿਪਾ ਹੋਈ ਕੌਮ ਸੁੱਤੀ ਰਵਿਦਾਸੀਆ ਹੁਣ ਉਠ ਖਲੋਈ' ਰਚਨਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸੰਤ ਮੋਹਣ ਦਾਸ ਜੀ ਨੂਰਪੁਰ ਵਾਲਿਆਂ ਨੇ ਸਤਿਗੁਰਾਂ ਦੀ ਮਹਿਮਾ ਸੁਣਾ ਕੇ ਹਾਜ਼ਰੀ ਲਗਵਾਈ। ਸੰਤ ਸੁਖਵਿੰਦਰ ਦਾਸ ਜੀ ਢੱਡੇ ਵਾਲਿਆਂ ਨੇ ਆਪਣੇ ਪ੍ਰਵਚਨ ਸਰਵਣ ਕਰਵਾਏ। ਇਸ ਤੋਂ ਉਪਰੰਤ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ 'ਅੰਮ੍ਰਿਤਬਾਣੀ' ਨਾਲ ਜੋੜਿਆ ਤੇ ਉਸ ਦੇ ਪ੍ਰਚਾਰ ਅਤੇ ਪ੍ਰਸਾਰ ਵਧਾਉਣ ਲਈ ਪ੍ਰੇਰਤ ਕੀਤਾ। ਇਸ ਤੋਂ ਉਪਰੰਤ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਵੱਡਮੁੱਲੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨਾਲ ਜੋੜਕੇ ਉਹਨਾਂ ਵਲੋਂ ਕੀਤੇ ਪਰਉਪਕਾਰਾਂ ਤੇ ਕੌਤਕਾਂ ਦਾ ਵਿਸਥਾਰ ਰੂਪ ਵਿਚ ਸੰਗਤਾਂ ਨੂੰ ਵੱਡਮੁੱਲਾ ਗਿਆਨ ਬਖਸ਼ਿਸ਼ ਕੀਤਾ। ਉਹਨਾਂ ਰਵਿਦਾਸੀਆ ਧਰਮ ਦੇ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਸਤਿਗੁਰ ਰਵਿਦਾਸ ਮਹਾਰਾਜ ਜੀ ਨੇ ਅੰਮ੍ਰਿਤਬਾਣੀ ਵਿਚ ਫੁਰਮਾਇਆ ਹੈ। 'ਰਵਿਦਾਸ ਜਹਿ ਗ੍ਰੰਥ ਹੈ ਪੜ੍ਹੈ ਸੁਨੈ ਲਾਇ ਸਭ ਹੀ ਪਦਾਰਥ ਮਿਲੇਂਗੇ ਇਸ ਸੇ ਸਭ ਵਰ ਪਾਇ।' ਜੋ ਵੀ ਸਤਿਗੁਰਾਂ ਦੀ ਅੰਮ੍ਰਿਤਬਾਣੀ ਨੂੰ ਇਕ ਮੰਨ, ਇਕ ਚਿੱਤ ਹੋ ਕੇ ਪੜ੍ਹਦੇ ਹਨ ਸਤਿਗੁਰ ਜੀ ਉਹਨਾਂ ਦੇ ਸਾਰੇ ਕਾਰਜ ਰਾਸ ਕਰਦੇ ਹਨ। ਇਸ ਲਈ ਸਾਨੂੰ ਆਪਣੇ ਸਾਰੇ ਕਾਰਜ ਅੰਮ੍ਰਿਤਬਾਣੀ ਨੂੰ ਮੁੱਖ ਰੱਖਕੇ ਕਰਨੇ ਚਾਹੀਦੇ ਹਨ ਤੇ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਹਨਾਂ ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਦੀ ਯਾਦ ਵਿਚ ਬਣਾਏ ਜਾ ਰਹੇ ਤੀਸਰੀ ਮੰਜ਼ਿਲ ਦੇ ਹਾਲ ਦੀ ਸ਼ਲਾਘਾ ਕੀਤੀ ਅਤੇ ਪ੍ਰਬੰਧਕਾਂ ਨੂੰ ਬਹੁਤ-ਬਹੁਤ ਵਧਾਈਆਂ ਦਿੱਤੀਆਂ। ਉਹਨਾਂ ਕਿਹਾ ਕਿ ਸਾਨੂੰ ਆਪਣੇ ਰਹਿਬਰਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਸ ਮੌਕੇ 'ਤੇ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਵਲੋਂ ਪ੍ਰਬੰਧਕ ਕਮੇਟੀ ਨੂੰ ਭੇਜੇ 5100 ਰੁਪਏ ਆਸ਼ੀਰਵਾਦ ਵਜੋਂ ਭੇਟ ਕੀਤੇ ਗਏ। ਇਸ ਮੌਕੇ 'ਤੇ ਸ੍ਰੀ ਹੰਸ ਰਾਜ ਬੰਗਾ ਜੀ, ਸ੍ਰੀ ਬਲਵੀਰ ਕਲੇਰ ਜੀ, ਬੀਬੀ ਭੋਲੀ ਰੰਧਾਵਾ ਜੀ, ਸ੍ਰੀ ਰਮੇਸ਼ ਕਲੇਰ ਜੀ ਵਲੋਂ ਤੀਸਰੀ ਮੰਜ਼ਿਲ ਦੀ ਉਸਾਰੀ ਲਈ ਇਕ ਲੱਖ ਰੁਪਏ ਪ੍ਰਬੰਧਕਾਂ ਨੂੰ ਭੇਟ ਕੀਤੇ। ਪ੍ਰਬੰਧਕਾਂ ਵਲੋਂ ਆਏ ਸੰਤ-ਮਹਾਂਪੁਰਸ਼ਾਂ ਦਾ ਵੱਡਮੁੱਲੀਆਂ ਸੇਵਾਵਾਂ ਨਿਭਾਉਣ ਵਾਲੇ ਸ਼ਰਧਾਲੂ ਜਨਾਂ ਦਾ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ। ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਸੰਗਤਾਂ ਨੇ ਜੋ ਮਾਇਆ ਨਮਸਕਾਰ ਕੀਤੀ, ਬਾਵਾ ਜੀ ਨੇ ਪ੍ਰਬੰਧਕਾਂ ਨੂੰ ਸਾਰੀ ਮਾਇਆ ਭੇਟ ਕਰ ਦਿੱਤੀ। ਇਸ ਸਮਾਗਮ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਅੰਮ੍ਰਿਤਬਾਣੀ ਦਾ ਜੱਸ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਸਮਾਗਮ ਦੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਛਕਾਇਆ ਗਿਆ।








ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨ ਸ਼ੁੱਕਰਤਾਲ ਜ਼ਿਲਾ ਮੁਜ਼ੱਫਰ ਨਗਰ (ਯੂ.ਪੀ.) ਵਿਖੇ ਸਲਾਨਾ ਮਹਾਨ ਸੰਤ ਸੰਮੇਲਨ ਦੌਰਾਨ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ। ਵਿਸ਼ੇਸ਼ ਰਿਪੋਰਟ ਸਫਾ 1 'ਤੇ ਪੜ੍ਹੋ।

## सूचना

बेगमपुरे की अमृतबाणी प्रोग्राम हर रोज सुबह 6-30 से 7-00 वजे तक **7 SEA Big T.V. Ch-958** से प्रसारित किया जाता है संगत इस का लाभ प्राप्त कर सकती है।

## सूचना

**अमृतवाणी सतगुरु रविदास महाराज जी का प्रोग्राम दूरदर्शन डी.डी. पंजाबी पर हर मंगलवार को रात 9-00 बजे से 9-30 बजे तक प्रसारित होता है। संगत इससे लाभ प्राप्त कर सकती हैं।**

## ਸੂਚਨਾ

**ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰੋਗਰਾਮ ਵੀਨਸ ਟੀ.ਵੀ. 'ਤੇ ਭਾਰਤੀ ਸਮੇਂ ਮੁਤਾਬਿਕ ਰਾਤ 11-30 ਵਜੇ ਤੋਂ 12-30 ਵਜੇ ਤੱਕ ਸਤਿਗੁਰੂ ਰਵਿਦਾਸ ਇੰਟਰਨੈਸ਼ਨ ਮਿਸ਼ਨ ਵਲੋਂ ਪ੍ਰਸਾਰਤ ਕੀਤਾ ਜਾਂਦਾ ਹੈ। ਸੰਗਤਾਂ ਇਸ ਤੋਂ ਲਾਭ ਪ੍ਰਾਪਤ ਕਰ ਸਕਦੀਆਂ ਹਨ ।**

# ਰਵਿਦਾਸੀਆ ਕੌਮ ਦਾ ਟੀ.ਵੀ. ਚੈੱਨਲ ਸ਼ੁਰੂ

ਸ੍ਰੀ ਗੁਰੂ ਰਵਿਦਾਸ ਮਿਸ਼ਨ ਇੰਟਰਨੈਸ਼ਨਲ ਵਲੋਂ ਸਮੂਹ ਰਵਿਦਾਸੀਆ ਕੌਮ ਦੇ ਸਹਿਯੋਗ ਨਾਲ 21-10-2011 ਤੋਂ **Venus TV** ਦੇ ਚੈੱਨਲ ਨੰਬਰ 805 ਤੋਂ ਰੋਜ਼ਾਨਾ ਸਵੇਰੇ 6 ਵਜੇ ਤੋਂ 7 ਵਜੇ ਤੱਕ (ਇੰਗਲੈਂਡ ਦੇ ਸਮੇਂ ਅਨੁਸਾਰ) ਅੰਮ੍ਰਿਤਬਾਣੀ ਦੇ ਜਾਪ ਸੰਗਤਾਂ ਨੂੰ ਸਰਵਣ ਕਰਵਾਏ ਜਾਣਗੇ। ਇੰਡੀਆ ਵਿਚ ਸੰਗਤਾਂ ਇੰਟਰਨੈੱਟ ਦੇ ਰਾਹੀਂ ਸਰਵਣ ਕਰ ਸਕਦੀਆਂ ਹਨ। ਇਸ ਲਈ ਸ੍ਰੀ ਗੁਰੂ ਰਵਿਦਾਸ ਮਿਸ਼ਨ ਇੰਟਰਨੈਸ਼ਨਲ ਵਧਾਈ ਦੀ ਪਾਤਰ ਹੈ।

## ਵਧਾਈਆਂ

ਸ੍ਰੀਮਾਨ ਦੁਰਗਾ ਦਾਸ ਜੀ ਸਪੁੱਤਰ ਸ੍ਰੀ ਭੋਲਾ ਰਾਮ ਮੁਕਤਸਰ ਵਾਲਿਆਂ ਵਲੋਂ ਆਪਣੀ ਪੋਤਰੀ ਦੇ ਜਨਮ ਦਿਨ ਦੀ ਖੁਸ਼ੀ ਵਿਚ ਕੌਮੀ ਪੱਤ੍ਰਿਕਾ ਬੇਗਮਪੁਰਾ ਸ਼ਹਿਰ ਨੂੰ 1000 ਰੁਪੈ ਸਹਿਯੋਗ ਵਜੋਂ ਭੇਜੇ ਹਨ। ਅਦਾਰਾ 'ਬੇਗਮਪੁਰਾ ਸ਼ਹਿਰ' ਬੱਚੀ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹੈ।

## ਵਧਾਈਆਂ

ਸ੍ਰੀਮਾਨ ਸੰਤ ਰਾਮ ਜੀ ਸਪੁੱਤਰ ਸ੍ਰੀ ਗੁਰਦਿਆਲ ਰਾਮ ਮੁਕਤਸਰ ਵਾਲਿਆਂ ਨੇ ਰਿਟਾਇਰਮੈਂਟ ਦੀ ਖੁਸ਼ੀ ਵਿਚ ਕੌਮੀ ਪੱਤ੍ਰਿਕਾ ਬੇਗਮਪੁਰਾ ਸ਼ਹਿਰ ਨੂੰ 2100 ਰੁਪੈ ਸਹਿਯੋਗ ਵਜੋਂ ਭੇਜੇ ਹਨ। ਅਦਾਰਾ 'ਬੇਗਮਪੁਰਾ ਸ਼ਹਿਰ' ਪਰਿਵਾਰ ਦੀ ਚੜ੍ਹਦੀ ਕਲਾ ਲਈ ਕਾਮਨਾ ਕਰਦਾ ਹੈ।





**(ਸਫਾ 1 ਦੀ ਬਾਕੀ)**

ਜੀ ਮਹਾਰਾਜ ਦੀ ਉਸਤਤ ਕਰਦਿਆਂ ਸ਼ਬਦ ਸਰਵਣ ਕਰਵਾਇਆ ***'ਰੁੜ੍ਹ ਚਲਿਆ ਸੀ ਕੌਮ ਦਾ ਬੇੜਾ, ਗੁਰਾਂ ਆਣ ਕਿਨਾਰੇ ਲਾਇਆ'*** ਅਤੇ ਹੋਰ ਸ਼ਬਦਾਂ ਨਾਲ ਖੂਬ ਰੰਗ ਬੰਨ੍ਹਿਆ ਇਸ ਤਰ੍ਹਾਂ ਸ੍ਰੀਮਾਨ ਜੋਗਿੰਦਰ ਦੁਖੀਆ ਜੀ ਨੇ 20 ਮਿੰਟਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੀ ਉਸਤਤ ਅਤੇ ਰਵਿਦਾਸੀਆ ਧਰਮ ਦੀ ਸ਼ੋਭਾ ਬੁਲੰਦ ਅਵਾਜ਼ ਵਿਚ ਸਰਵਣ ਕਰਵਾਈ। ਸਤਿਗੁਰ ਸੁਆਮੀ ਨਿਰੰਜਣ ਦਾਸ ਮਹਾਰਾਜ ਜੀ ਅਤੇ ਸਤਿਕਾਰਯੋਗ ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਪਿੰਡ ਜੌਹਲਾਂ ਦੀਆਂ ਸਮੂਹ ਸੰਗਤਾਂ ਵਲੋਂ ਫੁੱਲਾਂ ਦੀ ਵਰਖਾ ਕਰਕੇ ਨਿੱਘਾ ਸਵਾਗਤ ਕੀਤਾ। ਦੀਵਾਨ ਕੀਰਤਨ ਤੋਂ ਬਾਅਦ ਸੰਤ ਪ੍ਰਵਚਨ ਹੋਏ, ਜਿਸ ਵਿਚ ਸ਼੍ਰੀ 108 ਸੰਤ ਰਾਮ ਗਿਰ ਜੀ ਰਾਜਪੁਰ ਕੰਡੀ, ਸ੍ਰੀ 108 ਸੰਤ ਨਰੇਸ਼ ਗਿਰ ਜੀ ਨੰਗਲ ਖੁੰਗਾ, ਸ਼੍ਰੀ 108 ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਾਰਾਏ, ਸ੍ਰੀ 108 ਸੰਤ ਪ੍ਰੇਮ ਦਾਸ ਜੀ ਰਛਪਾਲਮਾਂ ਅਤੇ ਹੋਰ ਸੰਤ ਮਹਾਂਪੁਰਸ਼ਾਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਅੰਮ੍ਰਿਤਬਾਣੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਇਸੇ ਤਰ੍ਹਾਂ ਪਰਮ ਸਤਿਕਾਰਯੋਗ ਸੰਤ ਸੁਰਿੰਦਰ ਦਾਸ ਬਾਵਾ ਜੀ ਹੋਰਾਂ ਨੇ ਆਪਣੀ ਅੰਮ੍ਰਿਤਮਈ ਰਸਨਾ ਤੋਂ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਖਸ਼ਿਸ਼ ਕੀਤੀ ਅੰਮ੍ਰਿਤਬਾਣੀ ਨਾਲ ਸੰਗਤਾਂ ਨੂੰ ਭਜਨ ਸਿਮਰਨ ਕਰਨ ਵਾਸਤੇ ਪ੍ਰੇਰਤ ਕੀਤਾ ਅਤੇ ਸੰਗਤਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਵਾਸਤੇ ਪ੍ਰੇਰਤ ਕੀਤਾ ਅਤੇ ਬੱਚਿਆਂ ਨੂੰ ਉਚੇਰੀ ਵਿਦਿਆ ਪੜ੍ਹਾਉਣ ਵਾਸਤੇ ਪ੍ਰੇਰਤ ਕੀਤਾ। ਇਸ ਤਰ੍ਹਾਂ ਸੰਤ ਮੋਹਣ ਦਾਸ ਜੀ ਹੁਰਾਂ ਨੇ ਅੰਮ੍ਰਿਤਬਾਣੀ ਦੇ ਸ਼ਬਦਾਂ ਨਾਲ ਗੁਰੂ ਮਹਿਮਾ ਸਰਵਣ ਕਰਵਾਈ। ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਵਰਨਣ ਕੀਤੀ। ਇਸ ਤਰ੍ਹਾਂ ਸਮਾਗਮ ਸ਼ਾਮ ਦੇ ਤਿੰਨ ਵਜੇ ਤੱਕ ਚਲਿਆ। ਸਾਰੇ ਸੰਤ ਮਹਾਂਪੁਰਸ਼ਾਂ ਨੂੰ ਪਿੰਡ ਜੌਹਲਾਂ ਦੀਆਂ ਸਮੂਹ ਸੰਗਤਾਂ ਵਲੋਂ ਵਸਤਰਾਂ ਅਤੇ ਮਾਇਆ ਰਾਹੀਂ ਨਿਵਾਜਿਆ। ਇਸ ਸਮਾਗਮ ਵਿਚ ਮਾਇਆ ਰਾਹੀਂ ਸਤਿਗੁਰ ਸੁਆਮੀ ਨਿਰੰਜਣ ਦਾਸ ਮਹਾਰਾਜ ਜੀ ਅਤੇ ਪਰਮ ਸਤਿਕਾਰਯੋਗ ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਮੱਥਾ ਟੇਕਿਆ ਉਹ ਸਾਰੀ ਮਾਇਆ ਮਹਾਰਾਜ ਜੀ ਨੇ ਪ੍ਰਬੰਧਕਾਂ ਨੂੰ ਅਸ਼ੀਰਵਾਦ ਵਜੋਂ ਭੇਟ ਕਰ ਦਿੱਤੀ। ਉਪਰੰਤ ਸਭ ਸੰਗਤਾਂ ਲੰਗਰ ਛੱਕ ਕੇ ਖੁਸ਼ੀ-ਖੁਸ਼ੀ ਘਰਾਂ ਨੂੰ ਪਰਤੀਆ। —ਗੁਰਦਿਆਲ ਸਿੰਘ ਪ੍ਰਧਾਨ

## Amrit Bani Jagatguru Ravidass Ji

### MALAAR BANI

**Har(i) japat teuoo janan padam kavlaas pat(i)
Tass sum tul(i) naahee aan kouoo.
Eik hee eik aneik hoie basthrio
Ann re aan bharpoor(i) souoo. (Rahaao).
Jaa kai bhaagwat(u) lekheeai awaru nahi pekhiaai
Tass ki jaat(i) aachhop chheepa. Bias
Mah(i) lekheaai saanak meih pekheeai naam
Ki naamna sapat deepa.
Jaa kai eeid bakreeid kul gaoo re
Badh(u) karh(i) maaneeah(i) sekh saheed peera.
Jaa kai baap waise karee poot assie sari
tihoo re lok parsidh Kabira.
Jaa ke kotambh ke dhedh sab dhor dhovant firih(i)
Ajhu banaarasi aas paasaa.
Aachar sehit biper karh(i) dandouuit(i)
tin tanai Ravidass daasaan dassaa.**

Guru Ji says in this shabad that neither Vishnu nor Shiv nor any other deity is equal to those who worship the Lord. The Lord is one and He is pervading every where in various shapes. Vyas Ji and Sanak Ji ( sons of Brahma Ji) have written a lot about the Glory of Name of the Lord. Satguru Namdev Ji and Satguru Kabir Ji became famous throughout the three worlds for having their devotion to God. Guru Ji further says that the Chamars still go around Benaras removing dead cattle. The Pandits respectfully lay flat in reverence before their son Ravidass- the slave of the Lord's slaves. God blessed only those who meditate and chant Name of the Lord and became one with Him. None is equal to them.

***Har(i) japat teuoo janam padam kavlaas pat(i)
Tass sum tul(i) naahee aan kouoo.
Eik hee eik aneik hoie basthrio
Ann re aan bharpoor(i) souoo. (Rahaao).***

Neither the Vishnu, nor the Shiv nor other deity is equal to those who worship the Lotus feet of God. He is alone, though innumerable is His creation, so repeat Him in your thoughts. We see his manifestation all around.

***Jaa kai bhaagwat(u) lekheeai awaru Nahi pekhiaai
Tass ki jaat(i) aachhop chheepa. Bias
Mah(i) lekheaai saanak meih pekheeai naam
Ki naamna sapat deepa.***

He who writes the Praises of God and sees nothing else at all, is a low caste fabric dyer – Satguru Namdev Ji. The greatness of Vyas and Sanaka is due to the praise of God and are famous through the seven continents.

***Jaa kai eeid bakreeid kul gaoo re
Badh(u) karh(i) maaneeah(i) sekh saheed peera.
Jaa kai baap waise karee poot assie sari
tihoo re lok parsidh Kabira.***

The person, whose family used to sacrifice cows on the festive occasion of Id and bakrid and who were the followers of shaikhas, Martyrs and peer's and whose father was too alike his paternity and he, known as Kabir's Divine knowledge blazon in the three worlds.

***Jaa ke kotambh ke dhedh sab dhor dhovant firih(i)
Ajhu banaarasi aas paasaaa.
Aachhar sehit biper karh(i) dandouuit(i)
tin tanai Ravidass daasaan dassaa.***

All the chamaar's (leather cutters) of my caste and family are still busy in removing the carcasses in and around Banaras and now the Pandits respectfully lay down before Ravidass who became the humble servant of God.

**-Chain Ram Suman Dera Sachkhand Ballan**

## Shri Guru Ravidass Dharam Asthan Katraj, Pune

Shri Guru Ravidass Dharam Asthan Katraj, Pune is another link in the series of expanding Guru Ravidass Mission the world over. One Shri Sukhdeo Rangnath Waghmare from Pune had an intuitional urge for building a suitable monument befitting the stature of Satguru Ravidass Ji Maharaj. As if it was preordained, Shri Waghmare happened to visit Shri Guru Ravidass Janam Asthan Mandir, Seer Govardhanpur, Varanasi. He was wonder struck to see the gamut of monuments dedicated to the memory of Shri Guru Ravidass Ji Maharaj there. There from, his conviction became strengthened and real. He visited Dera Sant Sarwan Dass Ji, Sachkhand Bal. With all humility he opened his mind to Shri 108 Sant Niranjan Dass Ji and Sant Rama Nand Ji. After two three meetings a lay-out of plan was unfolded.

A two acre plot was donated by Shri S.R.Waghmare and his wife Bibi Radha on Katraj-Kundwa Road, Pune for building Shri Guru Ravidass temple. The foundation stone of the temple was laid on 7th December, 2003 by Shri 108 Sant Niranjan Dass Ji. Sant Rama Nand Ji and several trustees and other distinguished persons were also present on the auspicious occasion. 85'X35' double storey temple has since been completed. A gate and a tower are under construction. If and when any of Guru Ji's follower from the world over gets a chance to visit Pune, visit to this sacred temple is essentially a part of his/her itinerary.

The sacred temple is also under the management of Shri Guru Ravidass Janam Asthan Public Charitable Trust (Regd.) Varanasi.

**-Chain Ram Suman Dera Sachkhand Ballan**

# "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ"

ਰਵਿਦਾਸ ਜਿਹ ਗ੍ਰੰਥ ਹੈ ਪੜ੍ਹੈ ਸੁਣੈ ਮਨ ਲਾਇ
ਸਭ ਹੀ ਪਦਾਰਥ ਮਿਲੇਗੇ ਇਸਸੇ ਸਭ ਬਰ ਪਾਇ।।

ਸਤਿਗੁਰੂ ਰਵਿਦਾਸ ਜੀ ਦੀ ਪਵਿੱਤਰ 'ਅੰਮ੍ਰਿਤਬਾਣੀ' ਗ੍ਰੰਥ ਜਿਸ ਵਿੱਚ ਸਤਿਗੁਰੂ ਰਵਿਦਾਸ ਜੀ ਦੁਆਰਾ ਉਚਾਰਨ ਕੀਤੀ ਹੋਈ ਅੰਮ੍ਰਿਤ ਬਾਣੀ ਦਰਜ਼ ਹੈ। ਇਹ ਸਮੁੱਚੇ ਰਵਿਦਾਸੀਆ ਧਰਮ ਦੇ ਪੈਰੋਕਾਰਾਂ ਦਾ ਧਾਰਮਿਕ ਗ੍ਰੰਥ ਹੈ। ਇਸ ਪਾਵਨ ਗ੍ਰੰਥ ਵਿੱਚ ਸਤਿਗੁਰੂ ਰਵਿਦਾਸ ਜੀ ਦੇ 140 ਸ਼ਬਦ, 40 ਪਦੇ, ਪੈਂਤੀ ਅੱਖਰੀ, ਬਾਣੀ ਹਫਤਾਵਾਰ, ਪੰਦਰਾ ਤਿਥੀ, ਬਾਰਾ ਮਾਸ ਉਪਦੇਸ਼, ਸਾਂਦ ਬਾਣੀ, ਅਨਮੋਲ ਬਚਨ, ਸ਼ਾਦੀ ਉਪਦੇਸ਼, ਸੁਹਾਗ ਉਸਤਤਿ, ਮੰਗਲਾਚਾਰ, 231 ਸਲੋਕ ਗ੍ਰੰਥ ਵਿੱਚ ਦਰਜ਼ ਹਨ। ਸਤਿਗੁਰੂ ਜੀ ਦੇ ਸੱਚੇ ਉਪਦੇਸ਼ ਸਾਰੀ ਮਾਨਵ ਜਾਤੀ ਦਾ ਕਲਿਆਣ ਕਰ ਰਹੇ ਹਨ। ਇਸ ਪਾਵਨ ਧਾਰਮਿਕ ਗ੍ਰੰਥ ਦੀ ਵਿਸ਼ੇਸ਼ਤਾ ਇਹ ਹੈ ਕਿ ਸਤਿਗੁਰੂ ਰਵਿਦਾਸ ਜੀ ਦੀ ਉਚਾਰਨ ਕੀਤੀ ਸਾਰੀ ਅੰਮ੍ਰਿਤਬਾਣੀ ਜਿਸ ਵਿੱਚੋਂ ਉਹਨਾਂ ਦੀ ਵਿਸ਼ਵ ਕਲਿਆਣਕਾਰੀ ਵਿਚਾਰਧਾਰਾ ਝਲਕਦੀ ਹੈ, ਉਹ ਸਾਰੀ ਅੰਮ੍ਰਿਤਬਾਣੀ ਜੋ ਪ੍ਰਮਾਣਿਤ ਹੈ ਇਸ ਵਿੱਚ ਦਰਜ਼ ਹੈ। ਸਤਿਗੁਰੂ ਰਵਿਦਾਸ ਜੀ ਦੀ 'ਅੰਮ੍ਰਿਤ ਬਾਣੀ' ਪਾਵਨ ਗ੍ਰੰਥ, ਅੱਜ ਵਿਸ਼ਵ ਜੋ ਨ਼ਫ਼ਰਤ, ਵਿਸ਼ੇ ਵਿਕਾਰਾਂ ਵਿੱਚ ਸੜ ਰਿਹਾ ਹੈ, ਅਗਿਆਨਤਾ ਦੀ ਅਗਨੀ ਵਿੱਚ ਤੜਫ ਰਿਹਾ ਹੈ, ਇਹ ਅੰਮ੍ਰਿਤ ਬਾਣੀ ਗ੍ਰੰਥ ਸਤਿਗੁਰੂ ਰਵਿਦਾਸ ਜੀ ਦੇ ਸੱਚੇ ਉਪਦੇਸ਼ਾਂ ਰਾਹੀਂ ਇਸ ਸੰਸਾਰ ਤੇ ਪ੍ਰੇਮ ਪਿਆਰ ਦੀ ਠੰਡੀ- ਠਾਰ ਵਰਖਾ ਕਰਕੇ ਸਮੁੱਚੇ ਵਿਸ਼ਵ ਦੇ ਲੋਕਾਂ ਨੂੰ ਕਲਿਆਣਕਾਰੀ ਮਾਰਗ ਦਿਖਾ ਰਿਹਾ ਹੈ। ਅੱਜ ਸਤਿਗੁਰੂ ਰਵਿਦਾਸ ਜੀ ਦਾ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ ਵਾਰਾਨਸੀ ਵਿਖੇ ਸਥਾਪਿਤ ਸਾਰੇ ਸੰਸਾਰ ਨੂੰ ਪ੍ਰਕਾਸ਼ਵਾਨ ਕਰ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਨੂੰ ਇੱਕ ਗ੍ਰੰਥ ਦੇ ਰੂਪ ਵਿੱਚ ਇਕੱਠਾ ਕਰਕੇ ਪ੍ਰਕਾਸ਼ਮਾਨ ਕਰਨ ਦਾ ਇਤਿਹਾਸਿਕ ਕਾਰਜ ਡੇਰਾ 108 ਸੰਤ ਸਰਵਣ ਦਾਸ ਜੀ, ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾ ਦੀ ਯੋਗ ਅਗਵਾਈ ਵਿੱਚ ਕੀਤਾ ਗਿਆ। ਮੌਜੂਦਾ ਗੱਦੀ ਨਸ਼ੀਨ ਸ਼੍ਰੀ 108 ਸੰਤ ਨਿਰੰਜਨ ਦਾਸ ਜੀ ਦੀ ਪਾਵਨ ਅਗਵਾਈ ਵਿੱਚ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਭਗਵਾਨ ਮਹਾਰਿਸ਼ੀ ਬਾਲਮੀਕ ਜੀ ਦੇ ਪਾਵਨ ਅਸਥਾਨ ਭਗਵਾਨ ਬਾਲਮੀਕ ਤੀਰਥ ਅੰਮ੍ਰਿਤਸਰ ਦੇ ਗੱਦੀ ਨਸ਼ੀਨ ਸ਼੍ਰੀ 108 ਸੰਤ ਪੂਰਨ ਨਾਥ ਜੀ ਅਤੇ ਸੰਤ ਸਮਾਜ ਨੂੰ ਨਾਲ ਲੈ ਕੇ ਸਤਿਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਉਸਤਵ ਤੇ 30 ਜਨਵਰੀ 2010 ਨੂੰ ਸਤਿਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ, ਵਾਰਾਨਸੀ (ਯੂ. ਪੀ.) ਵਿਖੇ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨੂੰ 'ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀ' ਗ੍ਰੰਥ ਨੇ ਵਿਸ਼ਵ ਦੀ ਸਭ ਤੋਂ ਅਮੀਰ ਵਿਰਾਸਤ ਅਤੇ ਵਿਸ਼ਵ ਦੀ ਸਭ ਤੋਂ ਮਹਾਨ ਵਿਚਾਰਧਾਰਾ ਨਾਲ ਜੋੜ ਦਿੱਤਾ। ਇਸਦੇ ਨਾਲ ਹੀ 'ਰਵਿਦਾਸੀਆ ਧਰਮ' ਦੀ ਪਹਿਚਾਣ ਅਤੇ ਰਵਿਦਾਸੀਆ ਧਰਮ ਦੇ ਹਰਿ ਦੇ ਨਿਸ਼ਾਨ ਹੇਠ ਇਕੱਠੇ ਹੋਣ ਦਾ ਸਮੁੱਚੀ ਸੰਗਤ ਨੂੰ ਸੰਦੇਸ਼ ਦਿੱਤਾ। ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਜਿਸ ਨੂੰ ਸੰਤ ਸਮਾਜ ਨੇ ਪੂਰੀ ਤਰ੍ਹਾਂ ਪ੍ਰਮਾਣਿਤ ਕਰਕੇ ਸਤਿਗੁਰੂ ਰਵਿਦਾਸ ਧਰਮ ਅਸਥਾਨਾ ਤੇ ਪ੍ਰਕਾਸ਼ ਕਰਕੇ ਸੰਗਤ ਨੂੰ ਅੰਮ੍ਰਿਤ ਬਾਣੀ ਦੇ ਉਪਦੇਸ਼ਾਂ ਤੇ ਅਮਲ ਕਰਨ ਦਾ ਉਪਦੇਸ਼ ਦਿੱਤਾ। ਇਸ ਪਵਿੱਤਰ ਅੰਮ੍ਰਿਤ ਬਾਣੀ ਨੂੰ ਵੇਖ-ਸੁਣ ਕੇ ਇਕੱਤਰ 10 ਲੱਖ ਤੋਂ ਵੱਧ ਸੰਗਤਾਂ ਦੇ ਮਨ ਵਿੱਚ ਅਥਾਹ ਖੁਸ਼ੀ, ਵੱਖਰਾ ਚਾਅ, ਆਨੰਦ ਹੀ ਆਨੰਦ ਮਹਿਸੂਸ ਹੋ ਰਿਹਾ ਸੀ। ਚਾਰੇ ਪਾਸੇ ਸਤਿਗੁਰੂ ਰਵਿਦਾਸ ਜੀ ਦੇ ਜੈ- ਜੈਕਾਰਿਆ ਰਾਹੀ ਸੰਗਤਾਂ ਆਪਣੀ ਖੁਸ਼ੀ ਦਾ ਇਜ਼ਹਾਰ ਕਰ ਰਹੀਆਂ ਸਨ। ਸਭ ਸੰਗਤਾਂ ਰਵਿਦਾਸੀਆਂ ਧਰਮ ਦੇ ਇਤਿਹਾਸਿਕ ਐਲਾਨ ਦੇ ਨਾਲ ਬੇਹੱਦ ਪ੍ਰਸੰਨ ਨਜ਼ਰ ਆ ਰਹੀਆਂ ਸਨ ਕਿਉਂਕਿ ਸਮੁੱਚੀ ਸੰਗਤ ਨੂੰ ਰਵਿਦਾਸੀਆ ਧਰਮ ਦੀ ਗੋਦੀ ਵਿੱਚ ਬੈਠਕੇ "ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ" ਗ੍ਰੰਥ ਦਾ ਪਾਵਨ ਨਿੱਘ ਮਾਨਣ ਦਾ ਹੱਕ ਪ੍ਰਾਪਤ ਹੋ ਗਿਆ ਸੀ। ਅੱਜ ਸਮੁੱਚੇ ਵਿਸ਼ਵ ਵਿੱਚ ਰਵਿਦਾਸੀਆ ਧਰਮ ਦੇ ਪੈਰੋਕਾਰਾਂ ਨੇ ਆਪਣੀ ਹੋਂਦ ਦਾ ਅਜਿਹਾ ਅਹਿਸਾਸ ਕਰਵਾ ਦਿੱਤਾ ਕਿ ਸਾਰੀ ਦੁਨੀਆਂ ਹੈਰਾਨ ਰਹਿ ਗਈ ਕਿ ਐਨੇ ਘੱਟ ਸਮੇਂ ਵਿੱਚ ਪੂਰੇ ਵਿਸ਼ਵ ਵਿੱਚ ਸਤਿਗੁਰੂ ਰਵਿਦਾਸ ਜੀ ਦੀ ਰੂਹਾਨੀ ਅੰਮ੍ਰਿਤ ਬਾਣੀ 20 ਤੋਂ 25 ਹਜ਼ਾਰ ਦੇ ਕਰੀਬ ਗੁਰੂ ਘਰਾਂ ਵਿੱਚ ਪ੍ਰਕਾਸ਼ ਹੋ ਗਈ ਹੈ। ਸੰਗਤਾਂ ਆਪਣੇ ਇਸ਼ਟ ਨੂੰ ਯਾਦ ਕਰ ਰਹੀਆਂ ਹਨ। ਸਤਿਗੁਰੂ ਰਵਿਦਾਸ ਜੀ ਨੇ ਆਪਣੀ ਅੰਮ੍ਰਿਤਬਾਣੀ ਵਿੱਚ ਮਹਾਨ ਗ੍ਰੰਥ ਦਾ ਜ਼ਿਕਰ ਕਰਦਿਆ ਫਰਮਾਇਆ ਹੈ।

ਰਵਿਦਾਸ ਜਿਹ ਗ੍ਰੰਥ ਹੈ ਪੜ੍ਹੈ ਸੁਣੈ ਮਨ ਲਾਇ
ਸਭ ਹੀ ਪਦਾਰਥ ਮਿਲੇਗੇ ਇਸਸੇ ਸਭ ਬਰ ਪਾਇ।

ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ ਵਿੱਚ ਉਚਾਰਨ ਕਰਦੇ ਫਰਮਾਉਂਦੇ ਹਨ ਕਿ ਇਹ ਗ੍ਰੰਥ ਜੋ ਵੀ ਜੀਵ ਮਨ ਚਿਤ ਲਾ ਕੇ ਪੜੇਗਾ, ਇਕਾਗਰ ਚਿਤ ਹੋ ਕੇ ਸੁਣੇਗਾ, ਇਸ ਦੀਆਂ ਸਿੱਖਿਆਵਾਂ ਨੂੰ ਨਿੱਜ ਜੀਵਨ ਵਿੱਚ ਧਾਰਨ ਕਰੇਗਾ, ਉਸ ਜੀਵ ਨੂੰ ਸਾਰੇ ਪਦਾਰਥ ਪ੍ਰਾਪਤ ਹੋਣਗੇ। ਇਸ ਤੋਂ ਸਾਰੇ ਵਰ ਉਸ ਨੂੰ ਮਿਲਣਗੇ।

ਅੱਜ ਜਗਤਗੁਰੂ ਰਵਿਦਾਸ ਜੀ ਦੀ ਪਾਵਨ ਅੰਮ੍ਰਿਤਬਾਣੀ ਗ੍ਰੰਥ ਰਵਿਦਾਸੀਆ ਧਰਮ ਦੇ ਪੈਰੋਕਾਰਾ ਦਾ ਮਹਾਨ ਪਾਵਨ ਗ੍ਰੰਥ ਹੈ। ਜਿਸ ਦੀ ਮਾਨਵਮਈ ਅੰਮ੍ਰਿਤਬਾਣੀ ਨਾਲ ਜੁੜ ਕੇ, ਅੰਮ੍ਰਿਤਬਾਣੀ ਦੇ ਸੱਚੇ ਉਪਦੇਸ਼ਾਂ ਤੇ ਅਮਲ ਕਰ ਕੇ ਸਤਿਗੁਰੂ ਰਵਿਦਾਸ ਜੀ ਦੀ ਅਪਾਰ ਬਖਸ਼ਿਸ਼ ਹਰਿ ਦੇ ਨਿਸ਼ਾਨ ਸਾਹਿਬ ਤਹਿਤ ਇਕੱਠੇ ਹੋ ਕੇ ਵਿਸਵ ਦੇ ਭਲੇ ਹਿਤ, ਸਰਵਜਨ ਕਲਿਆਣ ਹਿਤ, ਸੱਚ ਦੇ ਰਾਹ ਤੇ ਧਰਮ ਦੇ ਪ੍ਰਚਾਰ ਤੇ ਚਲਦੇ ਜਾਣਾ ਹੈ।

ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਜੋ ਤੋਹੀ ਮੋਹੀ ਫਰਕ ਮਿਟਾ ਕੇ ਇਕੋ ਮਿੱਟੀ ਦੇ ਸਭੇ ਬਰਤਨ ਦਾ ਅਹਿਸਾਸ ਕਰਵਾਉਂਦੀ ਹੈ ਅਤੇ ਸਦਾ ਯਾਦ ਦਿਲਾਉਂਦੀ ਹੈ "ਸਰਬੈ ਏਕ ਅਨੇਕ ਸੁਆਮੀ ਸਭ ਘਟ ਭੋਗਵੇ ਸੋਈ" ਜੀਵਨ ਨੂੰ ਹੱਕ ਹਲਾਲ ਦੀ ਕਮਾਈ ਕਰਨ ਦਾ "ਜਿਹਵਾ ਤੋਂ ਉਕਾਂਰ ਜਪ, ਹਾਥ ਸੇ ਕਰ ਕਾਰ" ਸੱਚੇ ਮਾਰਗ ਤੇ ਚੱਲਣ ਅਤੇ ਬੇਗਮਪੁਰੇ ਦੇ ਬਸਨੀਕ ਬਨਣ ਦਾ ਅਮਰ ਸੰਦੇਸ਼ ਦੇ ਰਹੀ ਹੈ।

ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਗ੍ਰੰਥ ਅੱਜ ਸਮੁੱਚੀ ਰਵਿਦਾਸੀਆ ਕੌਮ ਦਾ ਮਾਰਗ ਦਰਸਨ ਕਰ ਰਿਹਾ ਹੈ। ਰਵਿਦਾਸੀਆ ਕੌਮ ਜਿਸ ਨੂੰ ਸੰਤ ਸਰਵਣ ਦਾਸ ਜੀ ਨੇ ਪਹਿਚਾਣ ਦੇ ਦਿੱਤੀ ਹੈ। ਉਹਨਾਂ ਪਿੰਡ ਬੱਲਾਂ ਵਿਖੇ 26 ਫਰਬਰੀ 1964 ਈ: ਨੂੰ ਡੇਰਾ ਰਵਿਦਾਸੀਆ ਦਾ ਲਿਖ ਕੇ ਰਵਿਦਾਸੀਆ ਧਰਮ ਦੇ ਅਗੰਮੀ ਸੰਦੇਸ਼ ਦੇ ਦਿੱਤੇ ਸਨ।

ਅੱਜ ਸਾਡੀ ਹੋਂਦ ਰਵਿਦਾਸੀਆ ਧਰਮ , ਸਾਡਾ ਮਿਸ਼ਨ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਸਾਰ ਅਤੇ ਪ੍ਰਚਾਰ ਕਰਨਾ ਹੈ। ਕਿਉਂਕਿ ਇਸ ਮਿਸ਼ਨ ਤੋਂ ਵੱਡਾ ਵਿਸ਼ਵ ਦਾ ਹੋਰ ਕੋਈ ਮਿਸ਼ਨ ਨਹੀਂ ਹੈ। ਅੱਜ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਤੇ ਅਡੋਲ ਖੜ੍ਹਨਾ ਹੈ। ਡਾਵਾਂਡੋਲ ਕਰਦੀ ਵਿਚਾਰਧਾਰਾ ਨੂੰ ਸਮਾਪਤ ਕਰਕੇ ਅੰਮ੍ਰਿਤਬਾਣੀ ਦੇ ਲੜ ਲੱਗ ਰਵਿਦਾਸੀਆ ਧਰਮ ਦੇ ਪੈਰੋਕਾਰ ਕਹਾਉਣਾ ਹੈ। ਐਲਾਨ ਕਰਨਾ ਹੈ ਬੇਖੌਫ ਹੋ ਕੇ ਜੋ ਅੰਮ੍ਰਿਤਬਾਣੀ ਕਹਿ ਰਹੀ ਹੈ।

' ਕਹਿ ਰਵਿਦਾਸ ਖਲਾਸ ਚਮਾਰਾ ਜੋ ਹਮ ਸਹਰੀ ਸੋ ਮੀਤ ਹਮਾਰਾ'

—ਰਾਜੇਸ਼ ਕੈਂਥ ਭਬਿਆਣਾ

## ਰਵਿਦਾਸੀਆ ਧਰਮ ਦਾ ਪ੍ਰਚਾਰ

ਰਵਿਦਾਸੀਆ ਧਰਮ ਦਾ ਪ੍ਰਚਾਰ ਹੁਣ ਹੁੰਦਾ ਜ਼ੋਰਾਂ 'ਤੇ।
ਰਵਿਦਾਸੀਆ ਧਰਮ ਲਿਖਾਉਣਾ ਚਰਚਾ ਹੁੰਦੀ ਮੋੜਾਂ 'ਤੇ।

ਕੌਮ ਦੇ ਬੱਚੇ-ਬੱਚੇ ਨੇ ਜੈ ਗੁਰਦੇਵ ਪੁਕਾਰਿਆ ਏ।
ਹਰਿ ਦੇ ਝੰਡੇ ਨੂੰ ਰੰਗ ਮਜੀਠੀ ਚਾੜ੍ਹਿਆ ਏ।
ਵਿਖਰੇ ਹੋਏ ਕੌਮ ਦੇ ਮੋਤੀ ਇਕ-ਇਕ ਕਰਕੇ ਜੋੜਾਂਗੇ।
ਰਵਿਦਾਸੀਆ ਧਰਮ ਦਾ ਪ੍ਰਚਾਰ.................।

ਬੱਲਾਂ ਵਾਲੇ ਸਤਿਗੁਰਾਂ ਨੇ ਕੌਮ ਦੀ ਬਦਲੀ ਕਾਇਆ ਏ।
ਦੁਨੀਆਂ ਵਿਚ ਰਵਿਦਾਸੀਆਂ ਨੂੰ ਮਾਣ ਦੁਆਇਆ ਏ।
ਅੱਗੇ ਵੱਧ ਕੇ ਆਉਂਦੇ ਸਦਾ ਹੀ ਕੌਮ ਦੀਆਂ ਲੋੜਾਂ 'ਤੇ।
ਰਵਿਦਾਸੀਆ ਧਰਮ ਦਾ ਪ੍ਰਚਾਰ.................।

ਰਵਿਦਾਸੀਏ ਨਾ ਹੁਣ ਕਿਸੇ ਦੇ ਕੋਲੋਂ ਡਰਦੇ ਨੇ।
ਅੰਮ੍ਰਿਤਬਾਣੀ ਦਾ ਜਾਪ ਦਿਨ-ਰਾਤ ਪਏ ਕਰਦੇ ਨੇ।
ਆਪਣੇ ਧਰਮ ਤੋਂ ਨਾਤਾ ਨਾ ਮਰਦੇ ਦਮ ਤੱਕ ਤੋੜਾਂਗੇ।
ਰਵਿਦਾਸੀਆ ਧਰਮ ਦਾ ਪ੍ਰਚਾਰ.................।

ਮੇਰੀ ਕੌਮ ਦਿਓ ਲੋਕੋ ਸਦਾ ਹੋਸ਼ ਵਿਚ ਰਹਿਣਾ ਏ।
'ਮਨਜੀਤ' ਜਬਰ-ਜ਼ੁਲਮ ਨਹੀਂ ਕਿਸੇ ਦਾ ਸਹਿਣਾ ਏ।
ਸਦਾ ਚੌਕੰਨੇ ਰਹਿਣਾ ਭਰੋਸਾ ਨਹੀਂ ਕਰਨਾ ਹੋਰਾਂ 'ਤੇ।
ਰਵਿਦਾਸੀਆ ਧਰਮ ਦਾ ਪ੍ਰਚਾਰ.................।

ਰਵਿਦਾਸੀਆ ਧਰਮ ਦਾ ਪ੍ਰਚਾਰ ਹੁਣ ਹੁੰਦਾ ਜ਼ੋਰਾਂ 'ਤੇ।
ਰਵਿਦਾਸੀਆ ਧਰਮ ਲਿਖਾਉਣਾ ਚਰਚਾ ਹੁੰਦੀ ਮੋੜਾਂ ਤੇ।

—ਮਨਜੀਤ ਰਾਏ ਬੱਲ

# ਬਹੁਜਨ ਸਮਾਜ ਦੇ ਮਹਾਨਾਇਕ ਤੇ ਦੂਸਰੇ ਅੰਬੇਡਕਰ ਸਾਹਿਬ ਬਾਬੂ ਕਾਂਸ਼ੀ ਰਾਮ ਜੀ

*—ਅਸ਼ੋਕ ਲੱਧੜ, ਗੜੀਸ*

ਭਾਰਤ ਦੀ ਧਰਤੀ 'ਤੇ ਜੋ ਕਈ ਅੱਜ ਤੋਂ ਸਾਢੇ ਚਾਰ ਹਜ਼ਾਰ ਸਾਲ ਪਹਿਲਾਂ ਦਰਾਵੜ ਸਭਿਅਤਾ ਦਾ ਰਾਜ ਸੀ। ਅਨ-ਆਰੀਆਂ, ਮਹਾਰਾਂ ਤੇ ਨਾਗ ਕੌਮ ਦਾ ਰਾਜ ਹੁੰਦਾ ਸੀ। ਇਹ ਰਾਜ ਬਹੁਤ ਉੱਨਤ ਤੇ ਸ਼ਹਿਰੀ ਸਭਿਅਤਾ ਸੀ। ਉਸ ਸਮੇਂ, ਅੱਜ ਤੋਂ ਸਾਢੇ ਚਾਰ ਹਜ਼ਾਰ ਸਾਲ ਪਹਿਲਾਂ ਸਾਡੇ ਪੁਰਖਿਆਂ ਦੇ ਸੱਤ-ਸੱਤ ਮੰਜ਼ਿਲੇ ਮਕਾਨ ਸਨ। ਇਸ ਉੱਨਤ ਤੇ ਸੰਸਾਰ ਪ੍ਰਸਿੱਧ ਸਭਿਅਤਾ ਨੂੰ ਆਰੀਆਂ ਲੋਕਾਂ ਨੇ ਧੋਖੇ, ਛਲਕਪਟ ਤੇ ਭਾਈ ਨਾਲ ਭਾਈ ਨੂੰ ਲੜਾ ਮੂਲ-ਨਿਵਾਸੀ ਸਿੰਧੂ ਘਾਟੀ, ਦਰਾਵੜ ਸਭਿਅਤਾ ਨੂੰ ਹਰਾ ਕੇ ਗੁਲਾਮ ਬਣਾ ਲਿਆ। ਜਗਤ ਪ੍ਰਸਿੱਧ ਬੁੱਧ ਦੀ ਕ੍ਰਾਂਤੀ ਤੋਂ ਬਾਅਦ ਮਹਾਂਰਾਸ਼ਟਰ ਦੀ ਧਰਤੀ ਤੋਂ ਭਾਵ ਨਾਗ ਵੰਸ਼ੀ ਮਹਾਰਾਂ ਦੇ ਦੇਸ਼ ਤੋਂ ਅੱਜ ਤੋਂ ਸਤ ਸੌ ਸਾਲ ਪਹਿਲਾਂ ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ ਦੀ ਜ਼ੋਰਦਾਰ ਸਮਾਜਿਕ, ਧਾਰਮਿਕ ਤੇ ਵਿਚਾਰਧਾਰਕ ਕ੍ਰਾਂਤੀ ਨੇ ਜਨਮ ਲਿਆ। ਜਿਸ ਦੀ ਪਿੱਠ-ਭੂਮੀ ਵਿਚ ਇਹ ਕ੍ਰਾਂਤੀਕਾਰੀ ਸਤਿਗੁਰੂ ਨਾਮਦੇਵ ਮਹਾਰਾਜ ਜੀ ਦੇ ਸ਼ਬਦ ਦੀ ਉਦਾਹਰਨ ਦੇਣੀ ਸਹੀ ਹੋਵੇਗੀ-

**ਹਸਤ ਖੇਲਤ ਤੇਰੇ ਦੇਹੁਰੇ ਆਇਆ। ਭਗਤਿ ਕਰਤ ਨਾਮਾ ਪਕਰਿ ਉਠਾਇਆ।**
**ਹੀਨੜੀ ਜਾਤਿ ਮੇਰੀ ਜਾਦਮ ਰਾਇਆ। ਛੀਪੇ ਕੇ ਜਨਮ ਕਾਹੇ ਕਉ ਆਇਆ।**

ਇਸ ਵਰਨ-ਅਵਰਨ, ਊਚ-ਨੀਚ, ਜਾਤ-ਪਾਤ ਅਤੇ ਛੂਤ-ਛਾਤ ਵਿਰੁੱਧ ਸੰਤ, ਗੁਰੂ ਸਾਹਿਬਾਨ ਜੀ ਨੇ ਬੜੀ ਲੰਬੀ ਲੜਾਈ ਲੜੀ। ਸੰਤ, ਗੁਰੂ ਸਾਹਿਬਾਨ ਜੀ ਦੁਆਰਾ ਜੋ ਸਮਤਾ-ਸਮਾਨਤਾ ਤੇ ਭਾਈਚਾਰੇ ਵਾਲੇ ਰਾਜ ਭਾਵ ਬੇਗਮਪੁਰ ਦਾ ਸੁਪਨਾ ਵੇਖਿਆ ਸੀ। ਅਜਿਹੇ ਰਾਜ ਦੀ ਕਲਪਨਾ ਜੋ ਸਾਡੇ ਗੁਰੂਆਂ, ਸਾਡੇ ਰਹਿਬਰਾਂ ਤੇ ਸਾਡੇ ਸੰਤਾਂਪੁਰਸ਼ਾਂ ਨੇ ਕੀਤੀ ਸੀ, ਉਸ ਸੰਕਲਪ ਨੂੰ ਅਸੀਂ ਸੱਚ ਵਿਚ ਨਹੀਂ ਬਦਲ ਸਕੇ। ਅੰਗਰੇਜ਼ ਆਏ ਸਾਡੀ ਕਿਸਮਤ ਜਾਗੀ, ਸਾਨੂੰ ਦੂਜੇ ਸਮਾਜ ਦੇ ਬਰਾਬਰ ਪੜ੍ਹਨ-ਲਿਖਣ ਦੇ ਅਧਿਕਾਰ ਮਿਲੇ। ਬਾਬਾ ਸਾਹਿਬ ਜੀ ਨੇ ਦੇਸ਼ ਦੀ ਅਜ਼ਾਦੀ ਸਮੇਂ ਬਹੁਜਨ ਸਮਾਜ ਦੀ ਜੰਗ ਜਿੱਤ ਕੇ 26 ਜਨਵਰੀ 1950 ਨੂੰ ਮਨੂੰ-ਸਿਮਰਤੀ 'ਤੇ ਕਾਟਾ ਮਾਰਕੇ ਗੁਰੂ ਸਾਹਿਬਾਨ ਜੀ ਅਤੇ ਆਪਣੇ ਰਹਿਬਰਾਂ ਦੇ ਮਿਸ਼ਨ ਦਾ ਕੁਝ ਹਿੱਸਾ ਭਾਰਤੀ ਸੰਵਿਧਾਨ ਲਿਖਕੇ ਪੂਰਾ ਕੀਤਾ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਚਲੇ ਜਾਣ ਤੋਂ ਬਾਅਦ ਬਹੁਜਨ ਸਮਾਜ ਬਾਬਾ ਸਾਹਿਬ ਜੀ ਦੀਆਂ ਬਖਸ਼ਿਸ਼ ਸਹੂਲਤਾਂ, ਨੌਕਰੀਆਂ, ਤਰੱਕੀਆਂ ਤੋਂ ਸਰਕਾਰੇ-ਦਰਬਾਰੇ ਨੌਕਰੀਆਂ ਦਾ ਤਾਂ ਨਿੱਘ ਮਾਨਣ ਲੱਗਾ, ਪ੍ਰੰਤੂ ਬਾਬਾ ਸਾਹਿਬ ਜੀ ਦੇ ਮਿਸ਼ਨ ਨੂੰ ਭੁੱਲ ਚੁੱਕਾ ਸੀ। ਬਾਬਾ ਸਾਹਿਬ ਜੀ ਨੇ 1956 ਨੂੰ ਕੌਮ ਦੇ ਨਾਮ ਜੋ ਆਖਰੀ ਸੰਦੇਸ਼ ਦਿੱਤਾ ਸੀ, ਉਸ ਨੂੰ ਉਸ ਨੇ ਕਦੀ ਯਾਦ ਨਾ ਕੀਤਾ। ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਨਾਮ ਸਕੂਲ, ਕਾਲਜ, ਯੂਨੀਵਰਸਿਟੀਆਂ ਅਤੇ ਕਿਤਾਬਾਂ ਵਿਚੋਂ ਗਾਇਬ ਰਿਹਾ। ਨਾ ਹੀ ਕਿਸੇ ਨੇ ਪੜ੍ਹਿਆ ਤੇ ਨਾ ਹੀ ਕਿਸੇ ਨੇ ਸੁਣਿਆ। 80ਵਿਆਂ ਵਿਚ ਭੁੱਲ ਚੁੱਕੇ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਲੋਕਾਂ ਦੇ ਦਿਲਾਂ ਵਿਚ ਫਿਰ ਤੋਂ ਜਿੰਦਾ ਕਰਨ ਵਾਲੇ ਬਹੁਜਨ ਸਮਾਜ ਦੇ ਮਸੀਹਾ, ਮਹਾਤਮਾ ਬੁੱਧ ਦੀ ਸੋਚ, ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਲਹਿਰ ਦੀ ਸੋਚ, ਮਹਾਤਮਾ ਜੋਤੀਬਾ ਫੂਲੇ ਅਤੇ ਅੰਬੇਡਕਰ ਵਿਚਾਰਾਂ ਨਾਲ ਸਾਹਿਬ ਬਾਬੂ ਕਾਂਸ਼ੀ ਰਾਮ ਜੀ ਨੇ ਬਹੁਜਨ ਸਮਾਜ ਲਈ ਸੰਘਰਸ਼ ਦਾ ਬਿਗਲ ਵਜਾਇਆ। ਪੰਜਾਬ ਵਿਚ ਜ਼ਿਲਾ ਰੋਪੜ ਦੇ ਪਿੰਡ ਖੁਆਸਪੁਰ ਵਿਖੇ ਦਲਿਤ ਪਰਿਵਾਰ ਵਿਚ 15 ਮਾਰਚ 1934 ਨੂੰ ਪਿਤਾ ਸ. ਹਰੀ ਸਿੰਘ ਦੇ ਘਰ ਮਾਤਾ ਬਿਸ਼ਨ ਕੌਰ ਦੀ ਕੁੱਖੋਂ ਜਨਮ ਲਿਆ। ਸਾਹਿਬ ਬਾਬੂ ਕਾਂਸ਼ੀ ਰਾਮ ਜੀ ਨੇ ਬੀ.ਐਸ.ਸੀ. ਦੀ ਉੱਚ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਪੂਨੇ ਦੀ 'ਸੈਂਟਰਲ ਇੰਸਟੀਚਿਊਟ ਆਫ ਮਿਲਟਰੀ ਐਕਸਪਲੋਜਿਗ' ਵਿਖੇ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਨੌਕਰੀ ਕਰਦਿਆਂ ਪੂਨੇ ਵਿਖੇ ਇਕ ਅਜਿਹੀ ਘਟਨਾ ਘਟੀ ਜਿਸ ਨਾਲ ਸਾਹਿਬ ਬਾਬੂ ਕਾਂਸ਼ੀ ਜੀ ਦੀ ਜ਼ਿੰਦਗੀ ਦਾ ਰੁੱਖ ਹੀ ਬਦਲ ਗਿਆ। ਨੌਕਰੀ ਦੌਰਾਨ ਜੋ ਸਾਲ ਦੀਆਂ ਹੋਣ ਵਾਲੀਆਂ ਛੁੱਟੀਆਂ ਵਿਚੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਅਤੇ ਮਹਾਤਮਾ ਬੁੱਧ ਦੀਆਂ ਛੁੱਟੀਆਂ ਕੱਟ ਕੇ ਉਸ ਦੀ ਜਗਾ ਦੀਵਾਲੀ ਅਤੇ ਬਾਲ ਗੰਗਾਧਰ ਤਿਲਕ ਦੇ ਜਨਮ ਦਿਨ ਦੀਆਂ ਕਰ ਦਿੱਤੀਆਂ। ਇਨ੍ਹਾਂ ਛੁੱਟੀਆਂ ਦਾ ਵਿਰੋਧ ਉਥੇ ਦੇ ਕਲਾਸ ਫੋਰ ਦਰਜੇ ਦੇ ਕੁਝ ਮੁਲਾਜ਼ਮਾ ਨੇ ਕੀਤਾ। ਸਾਹਿਬ ਬਾਬੂ ਕਾਂਸ਼ੀ ਰਾਮ ਜੀ ਨੂੰ ਜਦੋਂ ਸਾਰੀ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਨੌਕਰੀ ਤੋਂ ਅਸਤੀਫਾ ਦੇ ਕੇ ਪਹਿਲੀ ਲੜਾਈ ਜਿੱਤ ਕੇ ਉਹ ਛੁੱਟੀਆਂ ਲਾਗੂ ਕਰਵਾਈਆਂ। ਇਸ ਤੋਂ ਬਾਅਦ ਸਾਹਿਬ ਬਾਬੂ ਕਾਂਸ਼ੀ ਰਾਮ ਜੀ ਨੇ ਇਹ ਫੈਸਲਾ ਕੀਤਾ ਕਿ ਜਿੰਨਾ ਚਿਰ ਇਸ ਦੇਸ਼ ਵਿਚੋਂ ਮਾਨਵਵਾਦੀਆਂ ਨੂੰ ਖਤਮ ਨਹੀਂ ਕਰ ਲੈਂਦਾ। ਇਸ ਦੇਸ਼ ਵਿਚ ਮਹਾਤਮਾ ਬੁੱਧ ਦੀ ਤਰ੍ਹਾਂ ਸਤਿਗੁਰੂ ਕਬੀਰ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਨਾਨਕ ਦੇਵ ਜੀ, ਮਹਾਤਮਾ ਜੋਤੀਬਾ ਫੂਲੇ ਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਵਿਚਾਰਾਂ ਅਨੁਸਾਰ ਬਦਲ ਕੇ ਸਮਾਜ ਵਿਚ ਸਮਤਾ, ਸਮਾਨਤਾ ਤੇ ਗੁਲਾਮ ਸਮਾਜ ਨੂੰ ਹੁਕਮਰਾਨ ਨਹੀਂ ਬਣਾ ਦਿੰਦਾ ਉਨਾ ਚਿਰ ਉਹ ਘਰ ਨਹੀਂ ਜਾਣਗੇ। ਆਪਣੇ ਪਰਿਵਾਰ ਦੇ ਖੁਸ਼ੀ-ਗ਼ਮੀ ਦੇ ਮੌਕੇ 'ਤੇ ਨਹੀਂ ਜਾਣਗੇ, ਬਹੁਜਨ ਸਮਾਜ ਨੂੰ ਸਮਰਪਿਤ ਆਪਣਾ ਸਾਰਾ ਜੀਵਨ ਕੁਰਬਾਨ ਕਰ ਦੇਣਗੇ। ਇਥੋਂ ਤੱਕ ਬਹੁਜਨ ਸਮਾਜ ਨੂੰ ਇਸ ਦੇਸ਼ ਦੀ ਰਾਜਗੱਦੀ 'ਤੇ ਬਿਠਾਉਣ ਲਈ ਸਾਹਿਬ ਬਾਬੂ ਕਾਂਸ਼ੀ ਰਾਮ ਜੀ ਨੇ ਜੀਵਨ ਭਰ ਵਿਆਹ ਨਾ ਕਰਵਾਉਣ ਦਾ ਫੈਸਲਾ ਕੀਤਾ। ਸਾਹਿਬ ਬਾਬੂ ਕਾਂਸ਼ੀ ਰਾਮ ਜੀ ਨੇ ਇਸ ਲਈ ਸਭ ਤੋਂ ਪਹਿਲਾਂ ਬਹੁਜਨ ਸਮਾਜ ਦਾ ਉਹ ਅਮੀਰ ਇਤਿਹਾਸ ਫਰੋਲਿਆ, ਪਰਖਿਆ। ਸਾਹਿਬ ਬਾਬੂ ਕਾਂਸ਼ੀ ਰਾਮ ਜੀ ਨੇ ਮਹਾਤਮਾ ਬੁੱਧ ਤੇ ਮਹਾਨ ਅਸ਼ੋਕ ਦੇ ਰਾਜ ਨੂੰ ਪੜ੍ਹਿਆ। ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ ਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਅਧੂਰੇ ਮਿਸ਼ਨ ਨੂੰ ਪੂਰਾ ਕਰਨ ਲਈ ਆਪਣਾ ਸਫਰ ਸਾਈਕਲ ਤੋਂ ਸ਼ੁਰੂ ਕੀਤਾ। ਸਾਹਿਬ ਬਾਬੂ ਕਾਂਸ਼ੀ ਰਾਮ ਜੀ ਰੋਜ਼ਾਨਾ ਕਿੰਨੇ-ਕਿੰਨੇ ਕਿਲੋਮੀਟਰ ਸਾਈਕਲ ਤੇ ਸਫਰ ਕਰਕੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਬਦੌਲਤ ਨੌਕਰੀ ਦਾ ਨਿੱਘ ਮਾਣ ਰਹੇ ਮੁਲਾਜ਼ਮ ਲੋਕਾਂ ਕੋਲ ਜਾਂਦੇ। ਉਨ੍ਹਾਂ ਨੂੰ ਆਪਣੇ ਵਿਚਾਰਾਂ, ਆਪਣੇ ਅਮੀਰ ਵਿਰਸੇ ਤੇ ਬਾਬਾ ਸਾਹਿਬ ਜੀ ਦੇ ਆਖਰੀ ਸੰਦੇਸ਼ ਨੂੰ ਉਹ ਆਪਣੇ ਸਮਾਜ ਨੂੰ ਦੱਸਦੇ। ਸਭ ਤੋਂ ਪਹਿਲਾਂ ਬਾਬਾ ਸਾਹਿਬ ਜੀ ਦੇ ਪ੍ਰੀਨਿਰਮਾਣ ਦਿਵਸ ਦੇ ਮੌਕੇ 6 ਦਸੰਬਰ, 1978 ਨੂੰ ਬਾਮਸੇਫ਼ **(All India Backward SC+BC+OBC) Classes Minority, Coummunities employees Federation)** ਬਣਾਈ। ਇਸ ਸੰਗਠਨ ਨੇ ਸਮਾਜ ਵਿਚ ਪੜ੍ਹੇ-ਲਿਖੇ ਨੌਕਰੀ ਪੇਸ਼ਾ ਵਰਗ ਨੂੰ ਤਿਆਰ ਕਰਕੇ ਸਮਾਜਿਕ ਸੰਘਰਸ਼ ਦਾ ਮੁੱਢ ਬੰਨ੍ਹਿਆ। ਇਸ ਤੋਂ ਬਾਅਦ ਸਾਹਿਬ ਬਾਬੂ ਕਾਂਸ਼ੀ ਰਾਮ ਜੀ ਨੇ 6 ਦਸੰਬਰ 1981 ਨੂੰ ਡੀ.ਐਸ.-4 ਨਾਂ ਦੀ ਜਥੇਬੰਦੀ ਬਣਾਈ। ਸਾਹਿਬ ਬਾਬੂ ਕਾਂਸ਼ੀ ਰਾਮ ਜੀ ਨੇ ਦੋਨਾਂ ਜਥੇਬੰਦੀਆਂ ਵਾਸਤੇ ਆਪਣੇ ਜੀਵਨ ਦਾ ਸੁੱਖ-ਅਰਾਮ ਤਿਆਗ ਕੇ ਆਪਣੇ ਮਿਸ਼ਨ ਵਿਚ ਡਟੇ ਰਹੇ। ਸਾਹਿਬ ਬਾਬੂ ਕਾਂਸ਼ੀ ਰਾਮ ਜੀ ਨੇ ਇਨ੍ਹਾਂ ਜਥੇਬੰਦੀਆਂ ਦੇ ਰਾਹੀਂ ਬਹੁਜਨ ਸਮਾਜ ਨੂੰ ਮਾਨਵ-ਵਿਰੋਧੀਆਂ ਦੀ ਜਾਣ ਪਛਾਣ ਕਰਵਾਈ। ਇਨ੍ਹਾਂ ਜਥੇਬੰਦੀਆਂ ਦੇ ਰਾਹੀਂ ਭਾਰਤੀ ਮੂਲ-ਨਿਵਾਸੀ ਇਤਿਹਾਸ ਦੀ ਹਰ ਤਹਿ ਦੀ ਜਾਣਕਾਰੀ ਦਿੱਤੀ ਗਈ। ਇਨ੍ਹਾਂ ਜਥੇਬੰਦੀਆਂ ਵਿਚੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਨ 'ਤੇ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ ਬਣਾਈ। ਬਹੁਜਨ ਸਮਾਜ ਪਾਰਟੀ ਨੂੰ ਸਾਹਿਬ ਬਾਬੂ ਕਾਂਸ਼ੀ ਰਾਮ ਜੀ ਨੇ ਆਪਣੀ ਦਿਨ-ਰਾਤ ਮਿਹਨਤ ਤੇ ਕਿੰਨੇ ਕਿਲੋਮੀਟਰ ਸਾਇਕਲ ਤੇ ਸਫਰ ਕਰਕੇ ਇਸ ਦੇਸ਼ ਦੀ ਤੀਜੇ ਨੰਬਰ ਦੀ ਰਾਸ਼ਟਰੀ ਪਾਰਟੀ ਬਣਾਇਆ। ਸਾਹਿਬ ਬਾਬੂ ਕਾਂਸ਼ੀ ਰਾਮ ਜੀ ਨੇ ਸਦੀਆਂ ਤੋਂ ਲਤਾੜੇ ਜਾ ਰਹੇ ਸਮਾਜ ਜੋ ਮਾਨਵ-ਵਿਰੋਧੀ ਵਿਵਸਥਾ ਮੁਤਾਬਿਕ ਆਪਣਾ ਸਭ ਕੁਝ ਗਵਾ ਕੇ ਬੇ-ਆਸ ਹੋ ਚੁੱਕਾ ਸੀ। ਉਸ ਬਹੁਜਨ ਸਮਾਜ ਵਿਚ ਇੱਜ਼ਤ, ਅਣਖ ਅਤੇ ਇਤਿਹਾਸ ਤੋਂ ਵਾਕਿਫ਼ ਕਰਕੇ ਗੂੰਗੇ ਤੇ ਬਹਿਰੇ ਸਮਾਜ ਨੂੰ ਬੋਲਣ ਸਮਝਣ ਤੇ ਆਪਣੇ ਅਧਿਕਾਰਾਂ ਤੋਂ ਵਾਕਿਫ ਕਰਵਾਇਆ। ਸਾਹਿਬ ਕਾਂਸ਼ੀ ਰਾਮ ਜੀ ਨੇ ਬਾਬਾ ਸਾਹਿਬ ਜੀ ਦੀ ਲੜਾਈ, ਬਾਬਾ ਸਾਹਿਬ ਜੀ ਦੇ ਕਾਰਵਾਂ ਨੂੰ ਜੋ ਅੱਧ ਵਿਚਕਾਰ ਹੀ ਛੱਡ ਗਏ ਸਨ, ਉਸ ਨੂੰ ਅੱਗੇ ਤੋਰਿਆ। ਬਹੁਜਨ ਸਮਾਜ ਦੇ ਦਿਲਾਂ ਵਿਚ ਮਰ ਚੁੱਕੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਸਾਹਿਬ ਕਾਂਸ਼ੀ ਰਾਮ ਜੀ ਨੇ ਫਿਰ ਜ਼ਿੰਦਾ ਕਰ ਦਿੱਤਾ। ਸਾਹਿਬ ਕਾਂਸ਼ੀ ਰਾਮ ਜੀ ਨੇ ਬਹੁਜਨ ਸਮਾਜ ਪਾਰਟੀ ਰਾਹੀਂ ਅਜਿਹੀ ਕ੍ਰਾਂਤੀ ਲਿਆਂਦੀ ਜਿਸ ਨਾਲ ਦੂਜੀਆਂ ਰਾਜਨੀਤਿਕ ਪਾਰਟੀਆਂ ਦਾ ਵੋਟ ਬੈਂਕ ਖਿਸਕ ਕੇ ਬਸਪਾ ਦੇ ਖਾਤੇ ਵਿਚ ਭੁਗਤਣ ਲੱਗਾ। ਸਾਹਿਬ ਕਾਂਸ਼ੀ ਰਾਮ ਜੀ ਨੇ ਰਾਜਨੀਤੀ ਦੇ ਕਈ ਸਮੀਕਰਨ ਬਦਲੇ। ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਚੋਣ ਹਾਰਨ ਲਈ ਲੜਦੇ ਹਾਂ, ਦੂਸਰਾ ਚੋਣਾਂ ਹਰਾਉਣ ਲਈ ਲੜਦੇ ਤੇ ਤੀਜਾ ਚੋਣਾਂ ਜਿੱਤਣ ਲਈ ਲੜਦੇ ਹਾਂ। ਪਹਿਲੀ ਵਾਰ ਮਾਇਆਵਤੀ ਨੂੰ ਬਿਜਨੌਰ ਤੋਂ ਵੀ.ਪੀ. ਸਿੰਘ ਦੇ ਖਿਲਾਫ ਖੜ੍ਹਾ ਕਰਕੇ ਤਹਿਲਕਾ ਮਚਾ ਦਿੱਤਾ। ਮਾਇਆਵਤੀ ਚੋਣਾਂ ਤਾਂ ਹਾਰ ਗਈ ਪ੍ਰੰਤੂ ਦਲਿਤ ਵੋਟ ਨੂੰ ਆਪਣੇ ਹੱਕ ਵਿਚ ਕਰ ਲਿਆ। ਸਾਹਿਬ ਕਾਂਸ਼ੀ ਰਾਮ ਜੀ ਨੇ 1990 ਦੇ ਦਹਾਕੇ ਵਿਚ ਸੋਚਿਆ ਕਿ ਦਲਿਤ ਰਾਜਨੀਤੀ ਵਿਚ ਇਕੱਲਿਆ ਨਹੀਂ ਆ ਸਕਦੇ। ਇਸ ਲਈ ਉਨ੍ਹਾਂ ਨੇ ਪਹਿਲਾਂ ਮੁਲਾਇਮ ਸਿੰਘ ਯਾਦਵ ਤੇ ਫਿਰ ਭਾਰਤੀ ਜਨਤਾ ਪਾਰਟੀ ਨਾਲ ਉੱਤਰ ਪ੍ਰਦੇਸ਼ ਵਿਚ ਤਿੰਨ ਵਾਰ ਭਾਰਤ ਦੇ ਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਵਿਚ ਭੈਣ ਮਾਇਆਵਤੀ ਨੂੰ ਮੁੱਖ ਮੰਤਰੀ ਦੀ ਕੁਰਸੀ ਤੇ ਬਿਠਾਇਆ। ਸਾਹਿਬ ਕਾਂਸ਼ੀ ਰਾਮ ਜੀ ਨੇ ਉੱਤਰ ਪ੍ਰਦੇਸ਼ ਵਿਚ

(ਬਾਕੀ ਸਫ਼ਾ 7 'ਤੇ)

# ਰਵਿਦਾਸੀਆਂ ਦੀ ਦੁਨੀਆਂ ਵਿਚ ਹੋਂਦ ਵੱਖਰੀ

*—ਸੰਤ ਸੁਰਿੰਦਰ ਦਾਸ ਬਾਵਾ, ਡੇਰਾ ਸੱਚਖੰਡ ਬੱਲਾਂ*

ਰਵਿਦਾਸੀਆਂ ਦੀ ਦੁਨੀਆਂ ਵਿਚ ਹੋਂਦ ਵੱਖਰੀ।
ਰਵਿਦਾਸੀਆਂ ਦੀ ਦੁਨੀਆਂ ਵਿਚ ਟੌਹਰ ਵੱਖਰੀ।

ਸਤਿਗੁਰੂ ਰਵਿਦਾਸ ਜੀ ਦੀ ਹੈ ਕੌਮ ਉਤੇ ਕਿਰਪਾ।
ਰਵਿਦਾਸੀਏ ਦੁਨੀਆਂ ਵਿਚ ਜਿਹਦੇ ਨਾਲ ਸਿਦਕਾਂ।
ਰਵਿਦਾਸੀਆ ਧਰਮ ਦੀ ਦੁਨੀਆਂ ਵਿਚ ਹੋਂਦ ਵੱਖਰੀ।
ਰਵਿਦਾਸੀਆਂ ਦੀ ਦੁਨੀਆਂ ਵਿਚ ਹੋਂਦ ਵੱਖਰੀ।

'ਹਰਿ' ਦੇ ਨਿਸ਼ਾਨ ਦੁਨੀਆਂ ਵਿਚ ਝੂਲਣ ਲੱਗੇ।
ਜੈ ਗੁਰਦੇਵ ਦੇ ਨਾਅਰੇ ਸੰਸਾਰ ਵਿਚ ਗੂੰਜਣ ਲੱਗੇ।
ਸੀਰ ਗੋਵਰਧਨਪੁਰ ਦੀ ਦੁਨੀਆਂ ਵਿਚ ਮਹਿਮਾ ਵੱਖਰੀ।
ਰਵਿਦਾਸੀਆਂ ਦੀ ਦੁਨੀਆਂ ਵਿਚ ਹੋਂਦ ਵੱਖਰੀ।

ਅੰਮ੍ਰਿਤਬਾਣੀ ਦੇ ਦੁਨੀਆਂ ਦੇ ਕੋਨੇ-ਕੋਨੇ ਵਿਚ ਪ੍ਰਕਾਸ਼ ਹੁੰਦੇ।
ਰਵਿਦਾਸੀਆਂ ਦੇ ਹਰ ਪਾਸੇ ਸਤਿਕਾਰ ਹੁੰਦੇ।
ਸਤਿਗੁਰੂ ਰਵਿਦਾਸ ਜੀ ਦੇ ਚੰਦਰਮਾ ਵਿਚੋਂ ਦਰਸ਼ਨ ਦੀ ਗੱਲ ਵੱਖਰੀ।
ਰਵਿਦਾਸੀਆਂ ਦੀ ਦੁਨੀਆਂ ਵਿਚ ਹੋਂਦ ਵੱਖਰੀ।

ਸਤਿਗੁਰੂ ਸਰਵਣ ਦਾਸ ਜੀ ਨੇ ਕੀਤੀ ਧੰਨ ਕਮਾਈ।
ਦੁਨੀਆਂ ਵਿਚ ਸੱਚ ਦੀ ਜੋਤ ਜਗਾਈ।
ਡੇਰਾ ਸੱਚਖੰਡ ਬੱਲਾਂ ਦੀ ਸ਼ਾਨ ਵੱਖਰੀ।
ਰਵਿਦਾਸੀਆਂ ਦੀ ਦੁਨੀਆਂ ਵਿਚ ਹੋਂਦ ਵੱਖਰੀ।

# ਨਿਰੰਕਾਰ ਸਤਿਗੁਰੂ

ਬੱਲਾਂ ਵਿਚ ਬੈਠਾ ਨਿਰੰਕਾਰ ਸੰਗਤੇ,
ਆ ਜਾਓ ਉਹਦੇ ਦਰ ਚੱਲੀਏ।
ਨਾਮ ਹੈ ਧਰਾਇਆ ਸਰਵਣ ਦਾਸ ਸੰਗਤੇ,
ਆ ਜਾਓ ਉਹਦੇ ਦਰ ਚੱਲੀਏ।
ਪਿਤਾ ਪਿੱਪਲ ਦਾਸ ਅਤੇ ਮਾਤਾ ਸ਼ੋਭਾਵੰਤੀ,
ਬਾਪ ਬ੍ਰਹਮ ਗਿਆਨੀ ਅਤੇ ਮਾਂ ਸਤਵੰਤੀ।
ਬਣ ਆਇਆ ਘਰ ਦਾ ਸ਼ਿੰਗਾਰ ਸੰਗਤੇ,
ਆ ਜਾਓ ਉਹਦੇ ਦਰ ਚੱਲੀਏ।
ਗੁੜ੍ਹਤੀ ਉਹ ਨਾਮ ਵਾਲੀ ਸਭ ਨੂੰ ਪਿਲਾਉਂਦਾ ਐ,
ਜੁੱਗਾਂ ਦਿਆਂ ਡੁੱਬਿਆਂ ਨੂੰ ਪਾਰ ਉਹ ਲਗਾਉਂਦਾ ਐ।
ਬਣ ਕੇ ਉਹ ਆਪ ਪਤਵਾਰ ਸੰਗਤੇ,
ਆ ਜਾਓ ਉਹਦੇ ਦਰ ਚੱਲੀਏ।
ਹੱਥ ਵਿਚ ਖੂੰਡਾ ਉਹਦੇ ਪੈਰਾਂ 'ਚ ਖੜਾਵਾਂ ਜੀ,
ਤੇਜ਼-ਤੇਜ਼ ਚਾਲ ਉਤੋਂ ਘੋਲ ਮੈਂ ਘੁਮਾਵਾਂ ਜੀ।
ਇਕ ਨਹੀਓਂ ਜਿੰਦੜੀ ਹਜ਼ਾਰ ਸੰਗਤੇ,
ਆ ਜਾਓ ਉਹਦੇ ਦਰ ਚੱਲੀਏ।
ਗੱਲਾਂ ਤਿੰਨਾਂ ਕਾਲਾਂ ਦੀਆਂ ਮੁੱਖ 'ਚ ਉਚਾਰਦਾ,
ਲੋਭ, ਮੋਹ, ਹੰਕਾਰ, ਕਾਮ ਉਹਦੇ ਅੱਗੇ ਹਾਰਦਾ।
ਕ੍ਰੋਧ ਕਰਦਾ ਏ ਨਮਸਕਾਰ ਸੰਗਤੇ,
ਆ ਜਾਓ ਉਹਦੇ ਦਰ ਚੱਲੀਏ।
ਬੱਲਾਂ ਵਿਚ ਬੈਠਾ ਨਿਰੰਕਾਰ ਸੰਗਤੇ,
ਆ ਜਾਓ ਉਹਦੇ ਦਰ ਚੱਲੀਏ।
ਨਾਮ ਹੈ ਧਰਾਇਆ ਸਰਵਣ ਦਾਸ ਸੰਗਤੇ,
ਆ ਜਾਓ ਉਹਦੇ ਦਰ ਚੱਲੀਏ।

—ਬਲਵੀਰ ਚੰਦ, ਮੰਨਣ

# ਵਧਾਈਆਂ

ਸ੍ਰੀਮਾਨ ਪਵਨ ਕੁਮਾਰ ਜੀ ਪਿੰਡ ਝਰਮੜੀ ਜ਼ਿਲ੍ਹਾ ਮੋਹਾਲੀ ਵਾਲਿਆਂ ਨੇ ਆਪਣੇ ਸਪੁੱਤਰ ਕਾਕਾ ਪੁਨੀਤ ਦੇ ਜਨਮ ਦਿਨ (18-10-2010) ਦੀ ਖੁਸ਼ੀ ਵਿਚ ਕੌਮੀ ਪੱਤ੍ਰਿਕਾ ਬੇਗਮਪੁਰਾ ਸ਼ਹਿਰ ਨੂੰ 500 ਰੁਪੈ ਸਹਿਯੋਗ ਵਜੋਂ ਭੇਜੇ ਹਨ। ਅਦਾਰਾ ਬੱਚੇ ਦੀ ਲੰਮੀ ਉਮਰ ਅਤੇ ਖੁਸ਼ੀਆਂ ਭਰੇ ਜੀਵਨ ਦੀ ਕਾਮਨਾ ਕਰਦਾ ਹੋਇਆ ਪਰਿਵਾਰ ਨੂੰ ਵਧਾਈਆਂ ਦਿੰਦਾ ਹੈ।

# ਧਰਮਾਂ ਦੇ ਰਖਵਾਲੇ ਧਰਮੀ ਲੋਕ ਕਹਾਉਂਦੇ ਨੇ

ਧਰਮਾਂ ਦੇ ਰਖਵਾਲੇ ਧਰਮੀ ਲੋਕ ਕਹਾਉਂਦੇ ਨੇ।
ਭੀੜ ਪੈਣ 'ਤੇ ਉਹੀਓ ਲੋਕੀ ਅੱਗੇ ਆਉਂਦੇ ਨੇ।
ਕਰੇ ਜ਼ਮਾਨਾ ਯਾਦ ਜਦੋਂ ਇਤਿਹਾਸ ਬਣਾਉਂਦੇ ਨੇ।
ਵਿਜੈ ਕੁਮਾਰ ਦੇ ਵਾਂਗੂ ਕੌਮ ਦਾ ਨਾਮ ਚਮਕਾਉਂਦੇ ਨੇ।
ਖੂਨ ਖੌਲਦੇ ਗੱਭਰੂ ਦਾ ਕੋਈ ਦੇਰ ਨਹੀਂ ਲੱਗਦੀ।
ਅੱਜਕੱਲ ਗੱਲ ਚਮਾਰਾਂ ਦੇ ਇਹ ਮੁਖੋਂ ਹੀ ਫੱਬਦੀ ਏ।
ਉਹ ਨਾ ਰਹੇ ਚਮਾਰ ਜੀ ਹਰ ਥਾਂ ਅੱਗੇ ਆਉਂਦੇ ਨੇ।
ਤੇਲੂ ਰਾਮ ਦੇ ਵਾਂਗੂ ਕੌਮ ਦਾ ਨਾਮ ਚਮਕਾਉਂਦੇ ਨੇ।
ਇੰਝ ਗੱਜਣਗੇ ਸਾਰੇ ਅੰਦਾਜ਼ਾ ਕਿਸੇ ਨਾ ਲਾਇਆ ਸੀ।
ਰਾਮਾਨੰਦ ਸੰਤ ਕੀ ਕੌਮ ਨੂੰ ਪਾਠ ਪੜ੍ਹਾਇਆ ਸੀ।
ਜਾਨ ਤਲੀ 'ਤੇ ਧਰਕੇ ਗੁਰੂ ਦਾ ਵਚਨ ਨਿਭਾਉਂਦੇ ਨੇ।
ਬਲਕਾਰ ਵੀਰੇ ਦੇ ਵਾਂਗੂ ਕੌਮ ਦਾ ਨਾਮ ਚਮਕਾਉਂਦੇ ਨੇ।
ਬੜਾ ਸਹਿ ਲਿਆ ਦਾਬਾ ਨਹੀਂ ਹੁਣ ਹੋਰ ਸਹਾਰਾਂਗੇ।
ਅੰਮ੍ਰਿਤਬਾਣੀ ਸਤਿਗੁਰੂ ਜੀ ਤੋਂ ਜਾਨ ਵੀ ਵਾਰਾਂਗੇ।
ਧਰਮ ਦੀ ਖਾਤਰ ਜ਼ਿੰਦਗੀ ਜਿਹੜੇ ਦਾਅ 'ਤੇ ਲਾਉਂਦੇ ਨੇ।
ਰਜਿੰਦਰ ਫਿਲੌਰ ਦੇ ਵਾਂਗੂ ਕੌਮ ਦਾ ਨਾਮ ਚਮਕਾਉਂਦੇ ਨੇ।
ਸੰਤ ਸੂਰਮੇ ਦੁਨੀਆਂ ਉਤੇ ਨਿੱਤ-ਨਿੱਤ ਆਉਂਦੇ ਨਹੀਂ।
ਲਾਲੀ ਰੱਬ ਨੂੰ ਮੰਨਣ ਵਾਲੇ ਇਨ੍ਹਾਂ ਨੂੰ ਮਾਰ ਮੁਕਾਉਂਦੇ ਨੇ।
ਜੋ ਕਰਦੇ ਲੋਕ ਵਿਖਾਵਾ, ਉਹੀਓ ਛੁਰੀ ਚਲਾਉਂਦੇ।
ਸੰਤ ਰਾਮਾਨੰਦ ਜੀ ਰਵਿਦਾਸ ਗੁਰੂ ਦੇ ਜੈਕਾਰੇ ਲਾਉਂਦੇ ਨੇ।
ਸੰਤ ਰਾਮਾਨੰਦ ਜੀ ਰਵਿਦਾਸ ਗੁਰੂ ਦੇ ਜੈਕਾਰੇ ਲਾਉਂਦੇ ਨੇ।

—ਲਾਲੀ ਬਹਿਰਾਮ

# ਬਹੁਜਨ ਸਮਾਜ ਦੇ ਮਹਾਨਾਇਕ ਤੇ ਦੂਸਰੇ ਅੰਬੇਡਕਰ ਸਾਹਿਬ ਬਾਬੂ ਕਾਂਸ਼ੀ ਰਾਮ ਜੀ

(ਸਫਾ 6 ਦੀ ਬਾਕੀ)

ਉਹ ਭੂਚਾਲ ਪੈਦਾ ਕੀਤਾ, ਜੋ ਸ਼ਾਇਦ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਆਪਣੇ ਰਾਜ ਮਹਾਂਰਾਸ਼ਟਰ ਵਿਚ ਵੀ ਪੈਦਾ ਨਹੀਂ ਕਰ ਸਕੇ। ਤਿੰਨ ਦਹਾਕੇ ਬਾਅਦ ਉੱਤਰ ਪ੍ਰਦੇਸ਼ ਦੀ ਸੱਤਾ ਪ੍ਰਾਪਤ ਕਰਨੀ ਇਹ ਸਾਹਿਬ ਕਾਂਸ਼ੀ ਰਾਮ ਜੀ ਦਾ ਹੀ ਅਚੰਭਾ ਸੀ। ਸਾਹਿਬ ਕਾਂਸ਼ੀ ਰਾਮ ਜੀ ਆਪਣੇ ਇਕੱਲੇ ਦਮ 'ਤੇ ਮਿਹਨਤ ਨਾਲ ਸਮਾਜ ਨੂੰ ਚੇਤੰਨ ਕਰਦੇ ਰਹੇ ਪ੍ਰੰਤੂ ਪੰਜਾਬ ਦੇ ਨਾਲਾਇਕ ਲੀਡਰਾਂ ਨੇ ਸਾਹਿਬ ਕਾਂਸ਼ੀ ਰਾਮ ਜੀ ਦੀ ਮਿਹਨਤ ਨੂੰ ਉਹ ਬਹਾਅ, ਉਹ ਰਾਜਨੀਤੀ ਤੇ ਸੱਤਾ ਵਿਚ ਨਹੀਂ ਬਦਲ ਸਕੇ ਉਹ ਬਦਲਾਅ ਜੋ ਉੱਤਰ ਪ੍ਰਦੇਸ਼ ਵਿਚ ਹੋਇਆ। ਬਾਬੂ ਕਾਂਸ਼ੀ ਰਾਮ ਜੀ ਨੇ ਬਹੁਜਨ ਸਮਾਜ ਪਾਰਟੀ ਲਈ ਸਖਤ ਮਿਹਨਤ ਕਰਕੇ ਇਸਨੂੰ ਦੇਸ਼ ਦੀ ਤੀਜੇ ਨੰਬਰ ਦੀ ਪਾਰਟੀ ਤੇ ਉਤਰ ਪ੍ਰਦੇਸ਼ ਦੀ ਸੱਤਾ ਹਥਿਆਈ। ਪੰਜਾਬ ਵਿਚ ਕਦੀ ਸਮਾਂ ਸੀ, ਜਦੋਂ 9 ਐਮ.ਐਲ.ਏ. ਤੇ ਲੋਕ ਸਭਾ ਦੇ ਮੈਂਬਰ ਜਿੱਤੇ ਸਨ। ਉਸ ਸਮੇਂ ਜਦੋਂ ਵਿਰੋਧੀ ਧਿਰ ਜਿਸ ਦੇ ਲੀਡਰ ਸਤਨਾਮ ਸਿੰਘ ਕੈਂਥ ਸਨ। ਉਸ ਸਮੇਂ ਪੰਜਾਬ ਦੀਆਂ ਰੈਲੀਆਂ ਸਾਹਿਬ ਕਾਂਸ਼ੀ ਰਾਮ ਜੀ ਤੇ ਭੈਣ ਮਾਇਆਵਤੀ ਜੀ ਦੇ ਵਿਚਾਰਾਂ ਨੂੰ ਸੁਣਨ ਲਈ ਲੱਖਾਂ ਤੇ ਹਜ਼ਾਰਾਂ ਦੀ ਤਦਾਦ ਵਰਕਰ ਭੁੱਖੇ ਰਹਿ ਕੇ ਕਿੰਨੀ-ਕਿੰਨੀ ਦੂਰੋਂ ਚਲ ਕੇ ਆਉਂਦੇ। ਸਾਹਿਬ ਕਾਂਸ਼ੀ ਰਾਮ ਜਦੋਂ ਸਟੇਜ ਵੱਲ ਵਧਦੇ ਤਾਂ ਬਹੁਜਨ ਸਮਾਜ ਉਨ੍ਹਾਂ ਦੇ ਦੀਦਾਰ ਕਰਨ ਲਈ ਉਤਾਵਲਾ ਹੋ ਜਾਂਦਾ ਸੀ। ਉਨ੍ਹਾਂ ਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਕਿ ਸੱਚ-ਮੁੱਚ ਸਾਹਿਬ ਕਾਂਸ਼ੀ ਰਾਮ ਸਾਡੇ ਦੁੱਖਾਂ ਦਾ ਨਾਸ਼ ਕਰਨ ਲਈ ਰੱਬ ਬਣ ਕੇ ਆਇਆ ਹੈ। ਅੱਜ ਸਾਹਿਬ ਕਾਂਸ਼ੀ ਰਾਮ ਜੀ ਇਸ ਦੁਨੀਆਂ ਨੂੰ ਛੱਡ ਚਲੇ ਗਏ, ਤੇ ਪਿੱਛੇ ਲੰਬਾ ਚੌੜਾ ਅਮੀਰ ਇਤਿਹਾਸ ਛੱਡ ਗਏ ਸਾਹਿਬ ਕਾਂਸ਼ੀ ਰਾਮ ਜੀ ਨੇ ਮਹਾਤਮਾ ਬੁੱਧ ਦੀ ਸੋਚ, ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਸੋਚ, ਸੰਤਾਂ ਦੀ ਸੋਚ, ਗੁਰੂਆਂ ਦੀ ਸੋਚ, ਮਹਾਤਮਾ ਜੋਤੀਬਾ ਫੂਲੇ ਦੀ ਸੋਚ ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਵਿਚਾਰਾਂ 'ਤੇ ਰਾਜ ਦਾ ਹੋਕਾ ਇਕ ਪਪੀਹੇ ਦੀ ਤਰ੍ਹਾਂ ਦਿੱਤਾ। ਸਾਹਿਬ ਕਾਂਸ਼ੀ ਰਾਮ 20 ਵੀ ਸਦੀ ਦਾ ਉਹ ਮਹਾਂਨਾਇਕ ਆਪਣੇ ਪਿੱਛੇ ਅਮੀਰ ਇਤਿਹਾਸ ਨੂੰ ਅਖੀਰ ਮੰਜਿਲ ਤੋਂ ਇਕ ਕਦਮ ਪਿੱਛੇ ਛੱਡ ਕੇ ਚਲੇ ਗਏ, ਜਿਨ੍ਹਾਂ ਨੇ ਬਾਬੂ ਕਾਂਸ਼ੀ ਰਾਮ ਜੀ ਨੂੰ ਸਮਝਿਆ ਨਹੀਂ, ਉਨ੍ਹਾਂ ਮਹਾਤਮਾ ਗੌਤਮ ਬੁੱਧ, ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਸੋਚ, ਲਹਿਰ ਤੇ ਫੂਲੇ ਅੰਬੇਡਕਰ ਲਹਿਰ ਨੂੰ ਸਮਝਿਆ ਨਹੀਂ। ਸਾਨੂੰ ਬਾਬੂ ਕਾਂਸ਼ੀ ਰਾਮ ਜੀ ਦੇ ਉਹ ਸੁਪਨੇ ਨੂੰ ਪੂਰਾ ਕਰਨ ਲਈ ਅਤੇ ਬੇਗਮਪੁਰੇ ਵਾਲੇ ਸਮਾਜ ਦੀ ਸਿਰਜਣਾ ਲਈ ਆਪਣਾ ਤਨ-ਮਨ ਤੇ ਧਨ ਇਸ ਸਮਾਜਿਕ ਕ੍ਰਾਂਤੀ ਵੱਲ ਲਾ ਦੇਣਾ ਚਾਹੀਦਾ ਹੈ। ਤਾਹੀਓਂ ਸ੍ਰੀ ਗੁਰੂ ਰਵਿਦਾਸ ਜੀ ਦਾ ਉਹ ਰਾਜ ਵਾਲ ਸੁਪਨਾ ਪੂਰਾ ਹੋਵੇਗਾ।
'ਘਾਟਾ ਪਿਆ ਜੋ ਦਲਿਤ ਸਮਾਜ ਨੂੰ ਪੂਰਾ ਉਹ ਕਦੇ ਨਹੀਂ ਹੋ ਸਕਦਾ।
ਸਾਹਿਬ ਕਾਂਸ਼ੀ ਰਾਮ ਜੋ ਚਾਹੁੰਦੇ ਸੀ ਉਹ ਸੁਪਨਾ ਅਜੈ ਅਧੂਰਾ ਹੈ।'

ਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ ਜੈ ਗੁਰਦੇਵ ! ਧੰਨ ਗੁਰਦੇਵ !! ਭਗਵਾਨ ਬਾਲਮੀਕਿ ਮਹਾਰਾਜ ਜੀ ਦੀ ਜੈ





# ਜਨ-ਗਣਨਾ ਵਿਚ "ਰਵਿਦਾਸੀਆ ਧਰਮ" ਲਿਖਵਾਉਣ ਦੀ ਅਪੀਲ

